## ਮੇਹੁਲ ਚੋਕਸੀ ਦੀ ਅਪੀਲ ਖਾਰਜ

ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਬੈਲਜੀਅਮ ਦੇ ਸੁਪਰੀਮ ਕੋਰਟ (ਕੋਰਟ ਅਫ ਕੈਸੇਸ਼ਨ) ਨੇ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਵੱਲੋਂ ਆਪਣੀ ਭਾਰਤ ਹਵਾਲਗੀ ਖ਼ਿਲਾਫ਼ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ ਹੈ।ਸੁਪਰੀਮ ਕੋਰਟ ਦੇ ਬੁਲਾਰੇ ਨੇ ਕਿਹਾ, "ਕੋਰਟ ਆਫ ਕੈਸੇਸ਼ਨ ਨੇ ਅਪੀਲ ਖਾਰਜ ਕਰ ਦਿੱਤੀ ਹੈ। ਇਸ ਲਈ ਕੋਰਟ ਆਫ ਅਪੀਲ ਦਾ ਫ਼ੈਸਲਾ ਬਰਕਰਾਰ ਹੈ।" ਇਸ ਤੋਂ ਪਹਿਲਾਂ ਐਂਟਵਰਪ ਦੀ ਅਪੀਲੀ ਅਦਾਲਤ ਨੇ ਚਕੋਸੀ ਦੀ ਹਵਾਲਗੀ ਸਬੰਧੀ ਭਾਰਤ ਦੀ ਮੰਗ ਨੂੰ ਬਰਕਰਾਰ ਰਖਦਿਆਂ ਇਸ ਨੂੰ ਨਾਬਦਲਣ ਯੋਗ ਕਰਾਰ ਦਿੱਤਾ ਸੀ।


ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com

DAILY CHARHDIKALA, NEW DELHI

Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ


## ਦੋ ਦਿਨਾਂ ਦੀ ਗਿਰਾਵਟ ਤੋਂ ਬਾਅਦ ਸ਼ੇਅਰ ਬਾਜ਼ਾਰ ਮੁੜ ਚੜ੍ਹਿਆ

ਮੁੰਬਈ, 10 ਦਸੰਬਰ (ਪ੍ਰਤੀਨਿਧੀ) : ਦੋ ਦਿਨਾਂ ਦੀ ਤੇਜ਼ ਗਿਰਾਵਟ ਤੋਂ ਬਾਅਦ, ਬੁੱਧਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਇਕੁਇਟੀ ਬੈਂਚਮਾਰਕ ਸੂਚਕਾਂਕ ਸੈਂਸੈਕਸ ਅਤੇ ਨਿਫਟੀ ਮੁੜ ਚੜ੍ਹਿਆ ਹੈ। 30 ਸ਼ੇਅਰਾਂ ਵਾਲਾ ਬੀਐਸਈ ਸੈਂਸੈਕਸਸ਼ੁਰੂਆਤੀ ਕਾਰੋਬਾਰ ਵਿੱਚ 259.31 ਅੰਕ ਜਾਂ 0.31 ਫੀਸਦੀ ਚੜ੍ਹ ਕੇ 84,925.59 'ਤੇ ਪਹੁੰਚ ਗਿਆ।

50 ਸ਼ੇਅਰਾਂ ਵਾਲਾ ਐਨਐਸਈ ਨਿਫਟੀ 64.65 ਅੰਕ ਜਾਂ 0.25 ਫੀਸਦੀ ਦੇ ਵਾਧੇ ਨਾਲ 25,904.30 'ਤੇ ਪਹੁੰਚ ਗਿਆ।


PRGI (RNI) Regd. No. 57283/1994 ਸਾਲ/ year 30 ਅੰਕ ਨੰ. Volume No : 341 ਨਵੀਂ ਦਿੱਲੀ, ਵੀਰਵਾਰ 11 ਦਸੰਬਰ, 2025, Thursday 11 December, 2025 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936


# ਭਾਜਪਾ ਸਾਂਸਦ ਵੱਲੋਂ ਸਵਾਲ ਵਾਪਸ ਲੈਣ ਮਗਰੋਂ ਵਿਰੋਧੀ ਧਿਰ ਵੱਲੋਂ ਰਾਜ ਸਭਾ 'ਚੋਂ ਵਾਕਆਊਟ



ਨਵੀਂ ਦਿੱਲੀ, 10 ਦਸੰਬਰ (ਅੰਮ੍ਰਿਤਪਾਲ ਸਿੰਘ) :ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਪਾਰਟੀਆਂ ਨੇ ਬੁੱਧਵਾਰ ਨੂੰ ਰਾਜ ਸਭਾ ਵਿੱਚੋਂ ਵਾਕਆਊਟ ਕਰ ਦਿੱਤਾ, ਜਦੋਂ ਇੱਕ ਭਾਜਪਾ ਸੰਸਦ ਮੈਂਬਰ ਨੇ ਦੇਸ਼ ਵਿੱਚ ਫੋਰੈਂਸਿਕ ਸਮਰੱਥਾਵਾਂ ਨੂੰ ਵਧਾਉਣ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੁੱਛਿਆ ਗਿਆ ਆਪਣਾ ਸਵਾਲ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਵਾਪਸ ਲੈ ਲਿਆ।

ਭਾਜਪਾ ਸੰਸਦ ਮੈਂਬਰ ਆਦਿਤਿਆ ਪ੍ਰਸਾਦ ਨੇ ਗ੍ਰਹਿ ਮੰਤਰੀ ਨੂੰ ਇੱਕ ਸਵਾਲ ਪੁੱਛਿਆ ਸੀ, ਜਿਸਨੂੰ 'ਸਟਾਰਡ ਸਵਾਲ' ਵਜੋਂ ਸਵੀਕਾਰ ਕੀਤਾ ਗਿਆ ਸੀ। 'ਸਟਾਰਡ ਸਵਾਲ' ਵਿੱਚ ਮੰਤਰੀਆਂ ਨੂੰ ਜ਼ੁਬਾਨੀ ਜਵਾਬ ਦੇਣਾ ਪੈਂਦਾ ਹੈ ਅਤੇ ਇਸ ਦੇ ਤੁਰੰਤ ਬਾਅਦ ਪੂਰਕ ਸਵਾਲ ਪੁੱਛਣ ਦੀ ਇਜਾਜ਼ਤ ਹੁੰਦੀ ਹੈ।

ਰਾਜ ਸਭਾ ਦੀ ਵੈੱਬਸਾਈਟ 'ਤੇ ਉਪਲਬਧ ਸਵਾਲਾਂ ਦੀ ਸੂਚੀ ਅਨੁਸਾਰ ਪ੍ਰਸਾਦ ਦਾ ਸਵਾਲ ਬੁੱਧਵਾਰ ਨੂੰ ਪ੍ਰਸ਼ਨ ਕਾਲ ਲਈ ਕ੍ਰਮ ਵਿੱਚ ਨੰਬਰ 2 'ਤੇ ਸੀ। ਹਾਲਾਂਕਿ, ਇੱਕ ਸੁਧਾਰ ਨੋਟ ਵਿੱਚ ਕਿਹਾ ਗਿਆ ਸੀ ਕਿ ਸਵਾਲ ਨੂੰ 'ਵਾਪਸ ਲਿਆ ਗਿਆ' ਮੰਨਿਆ ਜਾਵੇ।

ਜਦੋਂ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਸਵਾਲ ਨੂੰ ਛੱਡ ਦਿੱਤਾ ਅਤੇ ਅਗਲੇ ਸਵਾਲ ਵੱਲ ਵਧੇ ਤਾਂ ਕਾਂਗਰਸ ਨੇਤਾ ਐਸ ਜੈਰਾਮ ਰਮੇਸ਼ ਅਤੇ ਹੋਰਾਂ ਨੇ ਇਹ ਜਾਨਣਾ ਚਾਹਿਆ ਕਿ ਸਵਾਲ ਕਿਉਂ ਵਾਪਸ ਲਿਆ ਗਿਆ। ਚੇਅਰਮੈਨ ਨੇ ਕਿਹਾ, 'ਤੁਸੀਂ ਨਿਯਮ ਜਾਣਦੇ ਹੋ। ਨਿਯਮ 53 ਕਿਸੇ ਵੀ ਮੈਂਬਰ ਨੂੰ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਸਵਾਲ ਵਾਪਸ ਲੈਣ ਦੀ ਇਜਾਜ਼ਤ ਦਿੰਦਾ ਹੈ।' ਉਨ੍ਹਾਂ ਅੱਗੇ ਕਿਹਾ, 'ਜੇਕਰ ਤੁਸੀਂ ਚਾਹੋ ਤਾਂ ਤੁਸੀਂ ਵੀ ਵਾਪਸ ਲੈ ਸਕਦੇ ਹੋ। ਮੈਂ ਮੈਂਬਰਾਂ ਦੇ ਅਧਿਕਾਰਾਂ ਵਿੱਚ ਦਖਲ ਨਹੀਂ ਦੇ ਸਕਦਾ।'

ਜਿਉਂ ਹੀ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਜ਼ੋਰ ਪਾਇਆ ਰਾਧਾਕ੍ਰਿਸ਼ਨਨ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ 'ਇਹ ਮੁੱਦਾ ਉਠਾਉਣ ਦਾ ਕੋਈ ਹੱਕ ਨਹੀਂ ਹੈ।'

ਰਾਧਾਕ੍ਰਿਸ਼ਨਨ ਨੇ ਸਬੰਧਤ ਮੈਂਬਰ ਨੂੰ ਸਵਾਲ ਪੁੱਛਣ ਲਈ ਕਹਿਣ ਦੀ ਉਨ੍ਹਾਂ ਦੀ ਅਪੀਲ ਨੂੰ ਵੀ ਠੁਕਰਾ ਦਿੱਤਾ। ਉਨ੍ਹਾਂ ਕਿਹਾ, 'ਮੈਂ ਕਿਉਂ ਕਹਾਂ ? ਮੈਨੂੰ ਕਹਿਣ ਦਾ ਕੋਈ ਹੱਕ ਨਹੀਂ ਹੈ। ਇਹ ਉਸਦੀ ਇੱਛਾ ਹੈ। ਤੁਸੀਂ ਵੀ ਕੱਲ੍ਹ ਕੁਝ ਸਵਾਲ ਵਾਪਸ ਲੈ ਸਕਦੇ ਹੋ, ਅਤੇ ਮੈਂ ਇਸ ਵਿੱਚ ਦਖਲ ਨਹੀਂ ਦੇਵਾਂਗਾ,' ਅਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਇਸ ਮੁੱਦੇ 'ਤੇ ਕਹੀ ਗਈ ਕਿਸੇ ਵੀ ਗੱਲ ਨੂੰ ਰਿਕਾਰਡ ਤੋਂ ਹਟਾਉਣ ਦਾ ਆਦੇਸ਼ ਦਿੱਤਾ।

ਉਨ੍ਹਾਂ ਵਿਰੋਧੀ ਧਿਰ ਨੂੰ ਪ੍ਰਸ਼ਨ ਕਾਲ ਵਿੱਚ ਖਲਲ ਨਾ ਪਾਉਣ ਲਈ ਕਿਹਾ ਅਤੇ ਸੂਚੀਬੱਧ ਸਵਾਲਾਂ ਨਾਲ ਅੱਗੇ ਵਧੇ। ਜਵਾਬ ਤੋਂ ਨਾਖੁਸ਼ ਹੋ ਕੇ, ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ।

ਪ੍ਰਸਾਦ ਨੇ ਗ੍ਰਹਿ ਮਾਮਲਿਆਂ ਬਾਰੇ ਮੰਤਰੀ ਤੋਂ ਜਾਨਣਾ ਚਾਹਿਆ ਸੀ ਕਿ 'ਕੀ ਸਰਕਾਰ ਨਵੇਂ ਅਪਰਾਧਿਕ ਕਾਨੂੰਨਾਂ ਤਹਿਤ ਲਾਜ਼ਮੀ ਕੀਤੇ ਗਏ ਸਬੂਤ ਇਕੱਠੇ ਕਰਨ ਲਈ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀਆਂ (ਸੀ.ਐਫ.ਐਸ.ਐਲ.) ਦਾ ਵਿਸਤਾਰ ਕਰ ਰਹੀ ਹੈ, ਜੇਕਰ ਹਾਂ, ਤਾਂ ਇਸਦੇ ਵੇਰਵੇ ਕੀ ਹਨ।'

ਉਹ ਇਹ ਵੀ ਜਾਨਣਾ ਚਾਹੁੰਦੇ ਸਨ ਕਿ 'ਨਵੇਂ ਅਪਰਾਧਿਕ ਕਾਨੂੰਨਾਂ ਦੇ ਮੱਦੇਨਜ਼ਰ ਨਿਰਭਯਾ ਫੰਡ ਤਹਿਤ ਫੋਰੈਂਸਿਕ ਸਮਰੱਥਾਵਾਂ ਨੂੰ ਵਧਾਉਣ ਲਈ ਕੀ ਉਪਾਅ ਕੀਤੇ ਗਏ ਹਨ; ਅਤੇ ਨਵੇਂ ਅਪਰਾਧਿਕ ਕਾਨੂੰਨਾਂ ਤਹਿਤ ਲਾਜ਼ਮੀ ਕੀਤੇ ਗਏ ਫੋਰੈਂਸਿਕ ਡੇਟਾ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਯੋਜਨਾਬੱਧ ਢੰਗ ਨਾਲ ਸਟੋਰ ਅਤੇ ਪ੍ਰਬੰਧਿਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ।'

# ਯੂਨੈਸਕੋ ਦਾ ਦਰਜਾ ਮਿਲਣ ਨਾਲ ਦੀਵਾਲੀ ਦੀ ਗਲੋਬਲ ਲੋਕਪ੍ਰਿਯਤਾ 'ਚ ਹੋਵੇਗਾ ਵਾਧਾ: ਮੋਦੀ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ 'ਚ ਸ਼ਾਮਲ ਕੀਤੇ ਜਾਣ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਤਿਉਹਾਰ ਦੀ ਗਲੋਬਲ ਲੋਕਪ੍ਰਿਯਤਾ 'ਚ ਹੋਰ ਵਾਧਾ ਹੋਵੇਗਾ। ਪੀ.ਐਮ. ਮੋਦੀ ਨੇ ਯੂਨੈਸਕੋ ਵਲੋਂ ਦੀਵਾਲੀ ਨੂੰ ਆਪਣੀ ਵਿਰਾਸਤੀ ਸੂਚੀ 'ਚ ਸ਼ਾਮਲ ਕੀਤੇ ਜਾਣ ਦੇ ਐਲਾਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਭਾਰਤ ਅਤੇ ਦੁਨੀਆ ਭਰ ਦੇ ਲੋਕ ਖ਼ੁਸ਼ ਹਨ।" ਉਨ੍ਹਾਂ ਕਿਹਾ,"ਦੀਵਾਲੀ ਸਾਡੀ ਸੰਸਕ੍ਰਿਤੀ ਅਤੇ ਕਦਰਾਂ-ਕੀਮਤਾਂ ਨਾਲ ਡੂੰਘਾਈ ਨਾਲ ਜੁੜੀ ਹੋਈ ਹੈ। ਇਹ ਸਾਡੀ ਸੱਭਿਅਤਾ ਦਾ ਸਾਰ ਹੈ। ਇਹ ਗਿਆਨ ਅਤੇ ਧਰਮ ਦਾ ਪ੍ਰਤੀਕ ਹੈ। ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ 'ਚ ਸ਼ਾਮਲ ਕੀਤੇ ਜਾਣ ਨਾਲ ਤਿਉਹਾਰ ਦੀ ਗਲੋਬਲ ਲੋਕਪ੍ਰਿਯਤਾ 'ਚ ਹੋਰ ਵੀ ਵਾਧਾ ਦਰਜ ਹੋਵੇਗਾ।" ਪੀ.ਐਮ. ਮੋਦੀ ਨੇ ਕਿਹਾ,"ਪ੍ਰਭੂ ਸ਼੍ਰੀ ਰਾਮ ਦੇ ਆਦਰਸ਼ ਸਾਡਾ ਸਾਡਾ ਮਾਰਗਦਰਸ਼ ਕਰਦੇ ਰਹਿਣ।" ਰੌਸ਼ਨੀ ਦੇ ਤਿਉਹਾਰ ਦੀਵਾਲੀ ਨੂੰ ਬੁੱਧਵਾਰ ਨੂੰ ਯੂਨੈਸਕੋ ਦੀ ਵਿਰਾਸਤੀ ਸੂਚੀ 'ਚ ਸ਼ਾਮਲ ਕੀਤਾ ਗਿਆ। ਦਿੱਲੀ ਦੇ ਲਾਲ ਕਿਲ੍ਹੇ 'ਚ ਹੋਈ ਯੂਨੈਸਕੋ ਦੀ ਇਕ ਮਹੱਤਵਪੂਰਨ ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ।

### ਸੰਸਦ 'ਚ ਗਰਜੇ ਅਮਿਤ ਸ਼ਾਹ

# 'ਕੀ ਘੁਸਪੈਠੀਏ ਤੈਅ ਕਰਨਗੇ ਕੌਣ ਹੋਵੇਗਾ ਸੀ.ਐਮ. ਜਾਂ ਪੀ.ਐਮ. ?'



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਲੋਕ ਸਭਾ 'ਚ ਦੋਸ਼ ਲਗਾਇਆ ਕਿ ਦੇਸ਼ 'ਚ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਮੁੜ ਪ੍ਰੀਖਣ (ਐਸਆਈਆਰ) ਨੂੰ ਲੈ ਕੇ ਝੂਠ ਫੈਲਾਇਆ ਗਿਆ ਅਤੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਨੇ ਸਦਨ 'ਚ, ਚੋਣ ਸੁਧਾਰਾਂ 'ਤੇ ਚਰਚਾ 'ਤੇ ਜਵਾਬ ਦਿੰਦੇ ਹੋਏ ਇਹ ਵੀ ਕਿਹਾ ਕਿ ਸੰਵਿਧਾਨ ਦੀ ਧਾਰਾ 327 ਚੋਣ ਕਮਿਸ਼ਨ ਨੂੰ ਵੋਟਰ ਸੂਚੀ ਬਣਾਉਣ ਦਾ ਪੂਰਾ ਅਧਿਕਾਰ ਦਿੰਦਾ ਹੈ।

ਗ੍ਰਹਿ ਮੰਤਰੀ ਨੇ ਕਿਹਾ,"ਮੈਂ ਸਦਨ ਅਤੇ ਦੇਸ਼ ਦੀ ਜਨਤਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੀ ਘੁਸਪੈਠੀਏ ਤੈਅ ਕਰਨਗੇ ਕਿ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਕੌਣ ਹੋਵੇਗਾ।" ਸ਼ਾਹ ਨੇ ਕਿਹਾ ਕਿ ਇਹ ਐਸਆਈਆਰ ਵੋਟਰ ਸੂਚੀ ਦੇ ਸ਼ੁੱਧੀਕਰਨ ਦੀ ਪ੍ਰਕਿਰਿਆ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਭਾਰਤ 'ਚ ਵੋਟਿੰਗ ਕਨਰ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ।

# ਇੰਡੀਗੋ ਸੰਕਟ 'ਤੇ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਕੀਤਾ ਸਵਾਲ, 'ਇਹ ਸਥਿਤੀ ਕਿਵੇਂ ਪੈਦਾ ਹੋਈ'

### ਅਦਾਲਤ ਨੇ ਸਥਿਤੀ ਨੂੰ 'ਸੰਕਟ' ਕਰਾਰ ਦਿੱਤਾ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਕੇਂਦਰ ਸਰਕਾਰ ਤੋਂ ਸਵਾਲ ਕੀਤਾ ਕਿ ਅਜਿਹੀ ਸਥਿਤੀ ਕਿਉਂ ਪੈਦਾ ਹੋਈ ਜਿਸ ਕਾਰਨ ਇੰਡੀਗੋ ਦੀਆਂ ਕਈ ਉਡਾਣਾਂ ਰੱਦ ਕੀਤੀਆਂ ਗਈਆਂ।ਹਾਈ ਕੋਰਟ ਨੇ ਕਿਹਾ ਕਿ ਫਸੇ ਹੋਏ ਯਾਤਰੀਆਂ ਨੂੰ ਹੋਣ ਵਾਲੀ ਅਸੁਵਿਧਾ ਅਤੇ ਪਰੇਸ਼ਾਨੀ ਤੋਂ ਇਲਾਵਾ, ਇਹ ਅਰਥਵਿਵਸਥਾ ਨੂੰ ਹੋਣ ਵਾਲੇ ਨੁਕਸਾਨ ਦੀ ਵੀ ਚਿੰਤਾ ਕਰਦਾ ਹੈ।ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਬੈਂਚ ਨੇ ਇਹ ਵੀ ਸਵਾਲ ਕੀਤਾ ਕਿ ਹੋਰ ਏਅਰਲਾਈਨਾਂ ਅਜਿਹੇ ਸੰਕਟ ਦਾ ਫਾਇਦਾ ਕਿਵੇਂ ਉਠਾ ਸਕਦੀਆਂ ਹਨ ਅਤੇ ਯਾਤਰੀਆਂ ਤੋਂ ਟਿਕਟਾਂ ਲਈ ਬਹੁਤ ਜ਼ਿਆਦਾ ਵਸੂਲ ਕਰ ਸਕਦੀਆਂ ਹਨ।ਕੇਂਦਰ ਸਰਕਾਰ ਅਤੇ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕਾਨੂੰਨੀ ਪ੍ਰਬੰਧ ਪੂਰੀ ਤਰ੍ਹਾਂ ਲਾਗੂ ਹੋਣ ਯੋਗ ਹਨ ਅਤੇ ਇੰਡੀਗੋ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਨੇ ਮੁਆਫ਼ੀ ਮੰਗੀ ਹੈ।ਸਰਕਾਰੀ ਵਕੀਲ ਨੇ ਇਹ ਵੀ ਕਿਹਾ ਕਿ ਇਹ ਸੰਕਟ ਕਈ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਹੋਇਆ ਹੈ, ਜਿਸ ਵਿੱਚ ਚਾਲਕ ਦਲ ਦੇ ਮੈਂਬਰਾਂ ਲਈ ਉਡਾਣ ਡਿਊਟੀ ਘੰਟਿਆਂ ਸੰਬੰਧੀ ਨਿਯਮ ਸ਼ਾਮਲ ਹਨ।ਅਦਾਲਤ ਇੱਕ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਇੰਡੀਗੋ ਵੱਲੋਂ ਸੈਂਕੜੇ ਉਡਾਣਾਂ ਰੱਦ ਕਰਨ ਤੋਂ ਪ੍ਰਭਾਵਿਤ ਯਾਤਰੀਆਂ ਨੂੰ ਸਹਾਇਤਾ ਅਤੇ ਰਿਫੰਡ ਪ੍ਰਦਾਨ ਕਰਨ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

# ਪ੍ਰਦੂਸ਼ਨ ਦੇ ਕਹਿਰ ਤੋਂ ਦਿੱਲੀ ਨੂੰ ਕੁਝ ਰਾਹਤ !

### ਏਕਿਊਆਈ 267 ਹੋਇਆ, ਘਟਿਆ ਜ਼ਹਿਰੀਲੀ ਹਵਾ ਦਾ ਖ਼ਤਰਾ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਦਿੱਲੀ ਦੀ ਹਵਾ ਦੀ ਗੁਣਵੱਤਾ ਵਿੱਚ ਬੁੱਧਵਾਰ ਨੂੰ ਸੁਧਾਰ ਹੋਇਆ ਅਤੇ ਸ਼ਹਿਰ ਦਾ ਕੁੱਲ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) ਸਵੇਰੇ 9 ਵਜੇ 267 ਦਰਜ ਕੀਤਾ ਗਿਆ। ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਇਹ ਜਾਣਕਾਰੀ ਦਿੱਤੀ ਗਈ। ਸੀਪੀਸੀਬੀ ਦੇ ਅੰਕੜਿਆਂ ਅਨੁਸਾਰ ਮੰਗਲਵਾਰ ਸਵੇਰੇ ਸ਼ਹਿਰ ਦਾ ਏਕਿਊਆਈ 291 ਸੀ, ਜੋ ਕਿ ਸੋਮਵਾਰ ਸਵੇਰੇ 318 ਸੀ।

ਸੀਪੀਸੀਬੀ ਦੇ ਅਨੁਸਾਰ ਏਕਿਊਆਈ ਨੂੰ ਜ਼ੀਰੋ ਅਤੇ 50 ਦੇ ਵਿਚਕਾਰ 'ਚੰਗਾ', 51 ਅਤੇ 100 ਦੇ ਵਿਚਕਾਰ 'ਸੰਤੁਸ਼ਟੀਜਨਕ', 101 ਅਤੇ 200 ਦੇ ਵਿਚਕਾਰ 'ਮੱਧਮ', 201 ਅਤੇ 300 ਦੇ ਵਿਚਕਾਰ 'ਖ਼ਰਾਬ', 301 ਅਤੇ 400 ਦੇ ਵਿਚਕਾਰ 'ਬਹੁਤ ਖ਼ਰਾਬ' ਅਤੇ 401 ਅਤੇ 500 ਦੇ ਵਿਚਕਾਰ 'ਗੰਭੀਰ' ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸ ਦੌਰਾਨ ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 10 ਡਿਗਰੀ ਸੈਲਸੀਅਸ ਰਿਹਾ, ਜੋ ਕਿ ਸੀਜ਼ਨ ਦੇ ਆਮ ਨਾਲੋਂ 0.4 ਡਿਗਰੀ ਵੱਧ ਸੀ ਅਤੇ ਸਵੇਰੇ ਸਾਪੇਖਿਕ ਨਮੀ 75 ਪ੍ਰਤੀਸ਼ਤ ਸੀ। ਭਾਰਤੀ ਮੌਸਮ ਵਿਭਾਗ ) ਨੇ ਬੁੱਧਵਾਰ ਨੂੰ ਆਸਮਾਨ ਸਾਫ਼ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਦਿਨ ਦੌਰਾਨ ਵੱਧ ਤੋਂ ਵੱਧ ਤਾਪਮਾਨ 24 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ।

# ਬੈਲਟ ਪੇਪਰ ਪ੍ਰਣਾਲੀ ਵੱਲ ਵਾਪਸੀ ਦਾ ਮਤਲਬ ਬੂਥ ਕੈਪਚਰਿੰਗ ਦੀ ਵਾਪਸੀ: ਪ੍ਰਸਾਦ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਵਿਰੋਧੀ ਪਾਰਟੀਆਂ ਵੱਲੋਂ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਮੰਗ ਦੇ ਵਿਚਕਾਰ ਸੀਨੀਅਰ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਬੁੱਧਵਾਰ ਨੂੰ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਇਸ ਦਾ ਮਤਲਬ ਬੂਥ ਕੈਪਚਰਿੰਗ ਦੇ ਦਿਨਾਂ ਵੱਲ ਵਾਪਸ ਜਾਣਾ ਹੋਵੇਗਾ। 'ਚੋਣ ਸੁਧਾਰਾਂ' 'ਤੇ ਲੋਕ ਸਭਾ ਵਿੱਚ ਬਹਿਸ ਵਿੱਚ ਹਿੱਸਾ ਲੈਂਦਿਆਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਪੁਰਾਣੀ ਬੈਲਟ ਪੇਪਰ ਪ੍ਰਣਾਲੀ 'ਤੇ ਵਾਪਸ ਜਾਣ ਦੀ ਗੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਵਰਤੋਂ ਨੂੰ ਪ੍ਰਮਾਣਿਤ ਕਰਨ ਵਾਲੇ ਘੱਟੋ-ਘੱਟ ਦੋ ਦਰਜਨ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲੇ ਹਨ।ਪ੍ਰਸਾਦ ਨੇ ਯਾਦ ਕੀਤਾ ਕਿ ਚੋਣ ਕਮਿਸ਼ਨ ਨੇ ਪਾਰਟੀਆਂ ਨੂੰ ਆਪਣੀ ਮੌਜੂਦਗੀ ਵਿੱਚ ਈ ਵੀ ਐਮ ਨੂੰ ਹੈਕ ਕਰਨ ਲਈ ਸੱਦਾ ਦਿੱਤਾ ਸੀ, ਪਰ ਕੋਈ ਵੀ ਪੇਸ਼ ਨਹੀਂ ਹੋਇਆ। ਉਨ੍ਹਾਂ ਕਿਹਾ, 'ਹੁਣ ਉਹ (ਈ.ਵੀ.ਐਮ. ਦੇ ਖ਼ਿਲਾਫ਼) ਰੌਲਾ ਪਾ ਰਹੇ ਹਨ।' ਪ੍ਰਸਾਦ ਨੇ ਇਹ ਵੀ ਨੋਟ ਕੀਤਾ ਕਿ ਹਾਲ ਹੀ ਵਿੱਚ ਹੋਈਆਂ ਬਿਹਾਰ ਚੋਣਾਂ ਤੋਂ ਬਾਅਦ ਈ ਵੀ ਐਮ ਦੇ ਮਾਈਕ੍ਰੋ-ਕੰਟਰੋਲਰਾਂ ਦੀ ਜਾਂਚ ਕਰਨ ਲਈ 'ਇੱਕ ਵੀ ਅਰਜ਼ੀ' ਪ੍ਰਾਪਤ ਨਹੀਂ ਹੋਈ।ਉਨ੍ਹਾਂ ਕਿਹਾ ਕਿ ਵੋਟਰਾਂ ਦਾ ਵਿਸ਼ਵਾਸ ਵਧਾਉਣ ਲਈ, ਪ੍ਰਤੀ ਵਿਧਾਨ ਸਭਾ ਹਲਕੇ ਵਿੱਚੋਂ ਬੇਤਰਤੀਬੇ ਤੌਰ 'ਤੇ ਚੁਣੇ ਗਏ ਪੰਜ ਪੋਲਿੰਗ ਸਟੇਸ਼ਨਾਂ ਲਈ ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟ੍ਰੇਲਜ਼ ਯੂਨਿਟ (ਵੀ.ਵੀ.ਪੀ.ਏ.ਟੀ.) ਦੀਆਂ ਪਰਚੀਆਂ ਦੀ ਲਾਜ਼ਮੀ ਤਸਦੀਕ ਕੀਤੀ ਗਈ ਸੀ, ਪਰ ਬਿਹਾਰ ਵਿੱਚ ਕਿਤੇ ਵੀ ਈ ਵੀ ਐਮ ਦੀ ਗਿਣਤੀ ਵਿੱਚ ਕੋਈ ਗੜਬੜੀ ਨਹੀਂ ਪਾਈ ਗਈ।ਪ੍ਰਸਾਦ ਨੇ ਕਿਹਾ ਕਿ ਸਰਕਾਰ ਨੇ ਵਾਰ-ਵਾਰ ਬੈਲਟ ਪੇਪਰ ਪ੍ਰਣਾਲੀ 'ਤੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਈ ਵੀ ਐਮ ਨੇ ਚੋਣ ਪ੍ਰਕਿਰਿਆ ਨੂੰ ਤੇਜ਼ ਅਤੇ ਸੁਰੱਖਿਅਤ ਬਣਾਇਆ ਹੈ।

## ਇੰਡੀਗੋ ਸੰਕਟ ਵਿਚਕਾਰ ਸਪਾਈਸਜੈਟ ਨੇ ਰੋਜ਼ਾਨਾ 100 ਉਡਾਣਾਂ ਵਧਾਉਣ ਦਾ ਕੀਤਾ ਐਲਾਨ



ਨਵੀਂ ਦਿੱਲੀ , 10 ਦਸੰਬਰ (ਪ੍ਰਤੀਨਿਧੀ) : ਭਾਰਤ ਦੀ ਘਰੇਲੂ ਏਅਰਲਾਈਨ ਸਪਾਈਸਜੈਟ ਨੇ ਇੰਡੀਗੋ ਦੇ ਚੱਲ ਰਹੇ ਸੰਕਟ ਦੇ ਵਿਚਕਾਰ 100 ਤੱਕ ਵਾਧੂ ਰੋਜ਼ਾਨਾ ਉਡਾਣਾਂ ਜੋੜਨ ਦੀ ਯੋਜਨਾ ਬਣਾਈ ਹੈ, ਜਿਸਦਾ ਉਦੇਸ਼ ਹਵਾਬਾਜ਼ੀ ਬਾਜ਼ਾਰ ਵਿੱਚ ਕਾਰਜਾਂ ਨੂੰ ਵਧਾਉਣਾ ਅਤੇ ਲੋੜੀਂਦੀ ਸਮਰੱਥਾ ਨੂੰ ਯਕੀਨੀ ਬਣਾਉਣਾ ਹੈ। ਸਪਾਈਸਜੈਟ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਸ ਸਰਦ ਰੁੱਤ ਵਿੱਚ ਮੁੱਖ ਰੂਟਾਂ 'ਤੇ ਹਵਾਈ ਯਾਤਰਾ ਦੀ ਵੱਧ ਰਹੀ ਮੰਗ ਦੇ ਕਾਰਨ, ਇਹ ਆਪਣੀ ਯੋਜਨਾ ਦੇ ਹਿੱਸੇ ਵਜੋਂ 100 ਵਾਧੂ ਰੋਜ਼ਾਨਾ ਉਡਾਣਾਂ ਸ਼ੁਰੂ ਕਰ ਰਿਹਾ ਹੈ, ਜੋ ਕਿ ਰੈਗੂਲੇਟਰੀ ਪ੍ਰਵਾਨਗੀਆਂ 'ਤੇ ਨਿਰਭਰ ਕਰੇਗਾ। ਇਸ ਤੋਂ ਪਹਿਲਾਂ, ਸ਼ਹਿਰੀ ਹਵਾਬਾਜ਼ੀ ਸਕੱਤਰ ਸਮੀਰ ਕੁਮਾਰ ਸਿਨਹਾ ਨੇ ਐਲਾਨ ਕੀਤਾ ਸੀ ਕਿ ਹਾਲ ਹੀ ਦੇ ਇੰਡੀਗੋ ਸੰਕਟ ਕਾਰਨ ਹੋਈ ਹਵਾਈ ਅੱਡਿਆਂ 'ਤੇ ਵਿਘਨ ਤੋਂ ਬਾਅਦ ਕਾਰਜ ਆਮ ਵਾਂਗ ਹੋ ਰਹੇ ਹਨ।ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ ਨੇ ਕਾਰਨ ਦੱਸੋ ਨੋਟਿਸ ਦਾ ਜਵਾਬ ਦੇਣ ਲਈ ਇੰਡੀਗੋ ਦੇ ਜਵਾਬਦੇਹ ਪ੍ਰਬੰਧਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਇੱਕ ਵਾਰ ਲਈ 24 ਘੰਟਿਆਂ ਦਾ ਵਾਧਾ ਦਿੱਤਾ ਸੀ।

# ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ 'ਚ ਪੁਲਿਸ ਵਾਹਨ ਦੀ ਟਰੱਕ ਨਾਲ ਟੱਕਰ: ਚਾਰ ਕਾਂਸਟੇਬਲ ਸ਼ਹੀਦ

ਸਾਗਰ (ਮੱਧ ਪ੍ਰਦੇਸ਼), 10 ਦਸੰਬਰ (ਪ੍ਰਤੀਨਿਧੀ) :ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਵਾਹਨ ਦੀ ਇੱਕ ਕੰਟੇਨਰ ਟਰੱਕ ਨਾਲ ਟੱਕਰ ਹੋ ਗਈ , ਜਿਸ ਵਿੱਚ ਮੁਰੈਨਾ ਬੰਬ ਦਸਤੇ ਦੇ ਚਾਰ ਕਾਂਸਟੇਬਲ ਸ਼ਹੀਦ ਹੋ ਗਏ ਅਤੇ ਇੱਕ ਹੋਰ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਿਆ।

ਅਧਿਕਾਰੀ ਨੇ ਦੱਸਿਆ ਕਿ ਇਹ ਹਾਦਸਾ ਸਾਗਰ ਜ਼ਿਲ੍ਹੇ ਵਿੱਚ ਬੰਦਰੀ ਅਤੇ ਮਾਲਥੋਨ ਵਿਚਕਾਰ ਨੈਸ਼ਨਲ ਹਾਈਵੇਅ 44 'ਤੇ ਤੜਕੇ 4 ਵਜੇ ਦੇ ਕਰੀਬ ਹੋਇਆ।

ਬੰਦਰੀ ਥਾਣੇ ਦੇ ਇੰਚਾਰਜ ਸੁਮੇਰ ਜਗਤ ਨੇ ਦੱਸਿਆ ਕਿ ਬੰਬ ਡਿਟੈਕਸ਼ਨ ਅਤੇ ਡਿਸਪੋਜ਼ਲ ਸਕੁਐਡ ਦੇ ਕਰਮਚਾਰੀਆਂ ਨੂੰ ਲੈ ਕੇ ਜਾ ਰਿਹਾ ਵਾਹਨ ਹਾਈਵੇਅ ਦੇ ਗਲਤ ਪਾਸੇ ਖੜ੍ਹੇ ਇੱਕ ਕੰਟੇਨਰ ਟਰੱਕ ਨਾਲ ਸਿੱਧਾ ਟਕਰਾ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਪੁਲਿਸ ਦਾ ਵਾਹਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਚਾਰ ਕਰਮਚਾਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਅਧਿਕਾਰੀ ਨੇ ਦੱਸਿਆ ਕਿ ਸ਼ਹੀਦ ਹੋਣ ਵਾਲੇ ਕਰਮਚਾਰੀਆਂ ਦੀ ਪਛਾਣ ਕਾਂਸਟੇਬਲ ਪ੍ਰਦੂਮਣ ਦੀਕਸ਼ਿਤ, ਕਾਂਸਟੇਬਲ ਅਮਨ ਕੌਰਵ, ਡਰਾਈਵਰ ਪਰਮਲਾਲ ਤੋਮਰ (ਤਿੰਨੋਂ ਮੁਰੈਨਾ ਦੇ ਰਹਿਣ ਵਾਲੇ), ਅਤੇ ਡੌਗ ਮਾਸਟਰ ਵਿਨੋਦ ਸ਼ਰਮਾ (ਭਿੰਡ ਦੇ ਰਹਿਣ ਵਾਲੇ) ਵਜੋਂ ਹੋਈ ਹੈ। ਇੱਕ ਹੋਰ ਕਾਂਸਟੇਬਲ, ਰਾਜੀਵ ਚੌਹਾਨ, ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਭੋਪਾਲ ਦੇ ਬਾਂਸਲ ਹਸਪਤਾਲ ਲਿਜਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਸਕੁਐਡ ਦਾ ਹਿੱਸਾ ਰਿਹਾ ਇੱਕ ਕੁੱਤਾ ਸੁਰੱਖਿਅਤ ਹੈ।

ਸੂਚਨਾ ਮਿਲਣ 'ਤੇ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤੇ। ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਪੁਲਿਸ ਵਾਹਨ ਦੇ ਡਰਾਈਵਰ ਦਾ ਸਟੀਅਰਿੰਗ ਤੋਂ ਕੰਟਰੋਲ ਖ਼ਤਮ ਹੋ ਗਿਆ ਸੀ, ਜਿਸ ਕਾਰਨ ਇਹ ਹਾਦਸਾ ਹੋਇਆ।

# ਜਰਮਨੀ ਦੌਰੇ ਤੇ ਜਾਣਗੇ ਰਾਹੁਲ ਗਾਂਧੀ, ਭਾਰਤੀ ਭਾਈਚਾਰੇ ਨਾਲ ਕਰਨਗੇ ਮੁਲਾਕਾਤ

ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 15 ਤੋਂ 20 ਦਸੰਬਰ ਤੱਕ ਜਰਮਨੀ ਦੌਰੇ 'ਤੇ ਜਾਣਗੇ ਅਤੇ ਇਸ ਦੌਰਾਨ ਉਹ ਭਾਰਤੀ ਭਾਈਚਾਰੇ ਨਾਲ ਮੁਲਾਕਾਤ ਕਰਨ ਦੇ ਨਾਲ-ਨਾਲ ਜਰਮਨ ਸਰਕਾਰ ਦੇ ਮੰਤਰੀਆਂ ਨਾਲ ਵੀ ਗੱਲਬਾਤ ਕਰਨਗੇ। ਪਾਰਟੀ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ 15 ਤੋਂ 20 ਦਸੰਬਰ ਤੱਕ ਜਰਮਨੀ ਦਾ ਦੌਰਾ ਕਰਨਗੇ, ਜਿੱਥੇ ਉਹ ਭਾਰਤੀ ਮੂਲ ਦੇ ਪ੍ਰਵਾਸੀਆਂ ਨਾਲ ਚਰਚਾ ਕਰਨਗੇ ਅਤੇ ਜਰਮਨ ਸਰਕਾਰ ਦੇ ਮੰਤਰੀਆਂ ਨਾਲ ਵੀ ਮੁਲਾਕਾਤ ਕਰਨਗੇ। ਇੰਡੀਅਨ ਓਵਰਸੀਜ਼ ਕਾਂਗਰਸ ਦੀ ਬ੍ਰਿਟੇਨ ਇਕਾਈ ਦੇ ਜਨਰਲ ਸਕੱਤਰ ਵਿਕਰਮ ਦੂਹਨ ਅਨੁਸਾਰ ਰਾਹੁਲ ਗਾਂਧੀ ਦੀ ਜਰਮਨੀ ਯਾਤਰਾ ਭਾਰਤ ਦੀ ਗਲੋਬਲ ਭੂਮਿਕਾ 'ਤੇ ਗੱਲਬਾਤ ਲਈ ਇਕ ਮਹੱਤਵਪੂਰਨ ਮੰਚ ਪ੍ਰਦਾਨ ਕਰੇਗੀ।ਮੰਨਿਆ ਜਾ ਰਿਹਾ ਹੈ ਕਿ ਇਹ ਯਾਤਰਾ ਜਰਮਨ ਸਿਆਸਤਦਾਨਾਂ ਅਤੇ ਪ੍ਰਵਾਸੀ ਭਾਰਤੀਆਂ ਵਿਚਾਲੇ ਵਿਚਾਰਾਂ ਅਤੇ ਮੌਕਿਆਂ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹ ਦੇਵੇਗੀ। ਰਾਹੁਲ ਦੇ ਪ੍ਰਸਤਾਵਿਤ ਦੌਰੇ ਨੂੰ ਲੈ ਕੇ ਇੰਡੀਅਨ ਓਵਰਸੀਜ਼ ਕਾਂਗਰਸ ਨੇ ਪੋਸਟਰ ਵੀ ਜਾਰੀ ਕੀਤਾ ਹੈ। ਜਰਮਨੀ ਦੌਰੇ ਨਾਲ ਸੰਬੰਧਤ ਇਕ ਪੋਸਟਰ 'ਚ ਦੱਸਿਆ ਗਿਆ ਹੈ ਕਿ ਰਾਹੁਲ ਗਾਂਧੀ ਬਰਲਿਨ 'ਚ ਪ੍ਰਵਾਸੀ ਭਾਰਤੀਆਂ ਨਾਲ ਗੱਲਬਾਤ ਕਰਨਗੇ।

# ਕਾਂਗਰਸ ਵਿਧਾਇਕ ਨੂੰ ਮਿਲੀ ਜਾਨ ਤੋਂ ਮਾਰਨ ਦੀ ਧਮਕੀ !



ਮੁਲਜ਼ਮ ਕੈਲਾਸ਼ ਕੁਸ਼ਵਾਹਾ, ਕਾਂਗਰਸ ਵਿਧਾਇਕ

ਸ਼ਿਵਪੁਰੀ, 10 ਦਸੰਬਰ (ਪ੍ਰਤੀਨਿਧੀ) : ਸ਼ਿਵਪੁਰੀ ਜ਼ਿਲ੍ਹੇ ਦੇ ਪੋਹਰੀ ਵਿਧਾਨ ਸਭਾ ਖੇਤਰ ਤੋਂ ਕਾਂਗਰਸ ਵਿਧਾਇਕ ਕੈਲਾਸ਼ ਕੁਸ਼ਵਾਹਾ ਨੂੰ ਫੋਨ 'ਤੇ ਜਾਨ ਤੋਂ ਮਾਰਨ ਦੀ ਧਮਕੀ ਦੇਣ ਦਾ ਮਾਮਾਲਾ ਸਾਹਮਣੇ ਆਇਆ ਹੈ। ਵਿਧਾਇਕ ਦੀ ਸ਼ਿਕਾਇਤ 'ਤੇ ਸਰਪੰਚ ਪਤੀ ਪ੍ਰਭਾਤ ਰਾਵਤ ਦੇ ਖਿਲਾਫ ਕੋਤਵਾਲੀ ਪੁਲਿਸ ਨੇ ਐਫ.ਆਈ.ਆਰ. ਦਰਜ ਕਰ ਲਈ ਹੈ।

ਵਿਧਾਇਕ ਕੁਸ਼ਵਾਹਾ ਦੇ ਅਨੁਸਾਰ, 7 ਦਸੰਬਰ ਦੀ ਰਾਤ ਪ੍ਰਭਾਤ ਰਾਵਤ ਨੇ ਉਨ੍ਹਾਂ ਦੇ ਮੋਬਾਇਲ 'ਤੇ ਕਾਲ ਕਰਕੇ ਪਹਿਲਾਂ ਗਾਲਾਂ ਕੱਢੀਆਂ, ਫਿਰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ।

ਵਿਧਾਇਕ ਨੇ ਦੱਸਿਆ ਕਿ ਕਾਲ 'ਤੇ ਮੁਲਜ਼ਮ ਨੇ ਕਿਹਾ ਕਿ ਤੁਸੀਂ ਅੱਜ-ਕੱਲ੍ਹ ਜ਼ਿਆਦਾ ਵੀਡੀਓ ਪਾ ਰਹੇ ਹੋ, ਮੈਂ ਤੁਹਾਨੂੰ ਵੀਡੀਓ ਪਾਉਣਾ ਅਤੇ ਰਾਜਨੀਤੀ ਕਰਨਾ ਭੁਲਾਅ ਦੇਵਾਂਗਾ।

ਕੁਸ਼ਵਾਹਾ ਨੇ ਕਿਹਾ ਕਿ ਰਾਵਤ ਕਾਲ ਦੌਰਾਨ ਵਾਰ-ਵਾਰ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰ ਰਹੇ ਸਨ। ਵਿਧਾਇਕ ਨੇ ਜਵਾਬ ਦਿੱਤਾ, 'ਸਾਡਾ ਕੋਈ ਨਿੱਜੀ ਵਿਵਾਦ ਨਹੀਂ ਹੈ; ਮੈਂ ਜਨਤਾ ਦੀ ਸੇਵਾ ਕਰ ਰਿਹਾ ਹਾਂ। ਰਾਜਨੀਤੀ ਮੇਰਾ ਕੰਮ ਹੈ, ਅਤੇ ਮੈਂ ਇਹ ਕਰਦਾ ਰਹਾਂਗਾ।' ਉਨ੍ਹਾਂ ਇਹ ਵੀ ਕਿਹਾ ਕਿ ਅਜਿਹਾ ਲੱਗ ਰਿਹਾ ਸੀ ਕਿ ਕੋਈ ਰਾਵਤ ਨੂੰ ਭੜਕਾ ਰਿਹਾ ਹੈ, ਹਾਲਾਂਕਿ ਉਹ ਇਸ ਦੀ ਪੁਸ਼ਟੀ ਨਹੀਂ ਕਰ ਸਕੇ।

ਵਿਧਾਇਕ ਦਾ ਦੋਸ਼ ਹੈ ਕਿ ਪ੍ਰਭਾਤ ਰਾਵਤ ਪਹਿਲਾਂ ਵੀ ਆਪਣੇ ਫੇਸਬੁੱਕ ਅਕਾਊਂਟ 'ਤੇ ਧਮਕੀ ਭਰੀਆਂ ਟਿੱਪਣੀਆਂ ਕਰ ਚੁੱਕੇ ਹਨ। ਉਨ੍ਹਾਂ ਨੇ ਪੁਲਿਸ ਸੁਪਰਡੈਂਟ ਦੇ ਦਫ਼ਤਰ ਵਿੱਚ ਸ਼ਿਕਾਇਤ ਦਰਜ ਕਰਵਾਈ। ਹੈੱਡ ਕਾਂਸਟੇਬਲ ਰਾਜਵੀਰ ਸਿੰਘ ਦੇ ਅਨੁਸਾਰ, ਜਾਂਚ ਤੋਂ ਬਾਅਦ, ਦੋਸ਼ੀ ਵਿਰੁੱਧ ਹੇਠ ਲਿਖੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਹੁਣ ਕਾਲ ਡਿਟੇਲ ਰਿਕਾਰਡ (ਸੀਡੀਆਰ) ਅਤੇ ਹੋਰ ਤਕਨੀਕੀ ਸਬੂਤਾਂ ਦੀ ਜਾਂਚ ਕਰ ਰਹੀ ਹੈ।

# ਭਾਰਤ 'ਚ ਗੁਆਂਢੀ ਦੇਸ਼ਾਂ ਦੀ ਤੁਲਨਾ ਵਿੱਚ ਕਿਫ਼ਾਇਤੀ ਹੈ ਰੇਲ ਯਾਤਰਾ: ਵੈਸ਼ਨਵ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਬੁੱਧਵਾਰ ਨੂੰ ਕਿਹਾ ਕਿ ਗੁਆਂਢੀ ਦੇਸ਼ਾਂ ਦੀ ਤੁਲਨਾ 'ਚ ਭਾਰਤ 'ਚ ਰੇਲ ਟਿਕਟ ਦੀਆਂ ਕੀਮਤਾਂ ਸਭ ਤੋਂ ਸਸਤੀਆਂ ਹਨ ਅਤੇ ਭਾਰਤੀ ਰੇਲ ਨੇ ਇਸ ਬਾਰੇ ਪਿਛਲੇ ਸਾਲ 60,000 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਸੀ। ਲੋਕ ਸਭਾ 'ਚ ਕਾਂਗਰਸ ਮੈਂਬਰ ਐਮ. ਕੇ. ਵਿਸ਼ਨੂੰ ਪ੍ਰਸਾਦ ਦੇ ਇਕ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਰੇਲ ਮੰਤਰੀ ਨੇ ਇਹ ਗੱਲ ਕਹੀ। ਕਾਂਗਰਸ ਸੰਸਦ ਮੈਂਬਰ ਨੇ ਪੁੱਛਿਆ ਸੀ ਕਿ ਕੀ ਸਰਕਾਰ ਕੋਰੋਨਾ ਮਹਾਮਾਰੀ ਤੋਂ ਪਹਿਲਾਂ ਦੀ ਤਰ੍ਹਾਂ ਸੀਨੀਅਰ ਨਾਗਰਿਕਾਂ ਨੂੰ ਰੇਲ ਟਿਕਟ 'ਤੇ ਮਿਲਣ ਵਾਲੀ ਛੂਟ ਨੂੰ ਬਹਾਲ ਕਰਨ ਦੀ ਯੋਜਨਾ ਬਣਾ ਰਹੀ ਹੈ।

ਉੱਤਰ 'ਚ ਵੈਸ਼ਨਵ ਨੇ ਕਿਹਾ ਕਿ ਭਾਰਤ 'ਚ ਟਿਕਟਾਂ ਦੀਆਂ ਕੀਮਤਾਂ ਵਿਕਸਿਤ ਦੇਸ਼ਾਂ ਦੀਆਂ ਕੀਮਤਾਂ ਦਾ ਲਗਭਗ 5 ਜਾਂ 10 ਫੀਸਦੀ ਹੈ। ਮੰਤਰੀ ਨੇ ਪ੍ਰਸ਼ਨਕਾਲ ਦੌਰਾਨ ਕਿਹਾ,"ਗੁਆਂਢੀ ਦੇਸ਼ਾਂ ਦੀ ਤੁਲਨਾ 'ਚ ਵੀ ਟਿਕਟ ਦੀ ਕੀਮਤ ਬਹੁਤ, ਬਹੁਤ ਸਸਤੀ ਰੱਖੀ ਗਈ ਹੈ।" ਉਨ੍ਹਾਂ ਕਿਹਾ ਕਿ ਪਿਛਲੇ ਸਾਲ, ਭਾਰਤੀ ਰੇਲਵੇ ਨੇ ਲਗਭਗ 60,000 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਸੀ ਤਾਂ ਕਿ ਯਾਤਰੀ ਟਰਾਂਸਪੋਰਟ ਸਸਤਾ ਬਣਿਆ ਰਹੇ। ਵੈਸ਼ਨਵ ਨੇ ਕਿਹਾ,"ਸਾਡੇ ਗੁਆਂਢੀ ਦੇਸ਼ਾਂ ਦੀ ਤੁਲਨਾ 'ਚ ਵੀ, ਭਾਰਤ ਆਪਣੇ ਨਾਗਰਿਕਾਂ ਜਾਂ ਯਾਤਰੀਆਂ ਨੂੰ ਸਭ ਤੋਂ ਸਸਤਾ ਟਰਾਂਸਪੋਰਟ ਸਾਧਨ ਉਪਲੱਬਧ ਕਰਵਾ ਰਿਹਾ ਹੈ।"

## ਸੰਪਾਦਕੀ

# ਵਿਆਹ ਸਮਾਗਮਾਂ ਵਿੱਚ ਹਥਿਆਰਾਂ ਦੀ ਪ੍ਰਦਰਸ਼ਨੀ

ਵਿਆਹ ਖੁਸ਼ੀਆਂ ਅਤੇ ਜਸ਼ਨ ਦਾ ਸਮਾਂ ਹੁੰਦਾ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਅਤੇ ਹੋਰ ਉੱਤਰੀ ਰਾਜਾਂ ਵਿੱਚ ਇੱਕ ਖ਼ਤਰਨਾਕ ਰੁਝਾਨ ਸਾਹਮਣੇ ਆਇਆ ਹੈ। ਵਿਆਹ ਸਮਾਗਮਾਂ ਵਿੱਚ ਨੌਜਵਾਨ ਆਪਣੀ ਫੋਕੀ ਸ਼ਾਨ ਅਤੇ ਸ਼ੁਹਰਤ ਦਿਖਾਉਣ ਲਈ ਪਿਸਤੌਲਾਂ ਅਤੇ ਹੋਰ ਹਥਿਆਰ ਲੈ ਕੇ ਸਟੇਜਾਂ ’ਤੇ ਨੱਚਣ ਲੱਗ ਪੈਂਦੇ ਹਨ। ਇਹ ਰੁਝਾਨ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਬੇਹੱਦ ਖ਼ਤਰਨਾਕ ਵੀ ਹੈ ਅਤੇ ਇਸ ਕਾਰਨ ਕਈ ਵਾਰ ਦੁਖਦਾਈ ਹਾਦਸੇ ਹੋ ਚੁੱਕੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਵਿਆਹ ਸਮਾਗਮਾਂ ਵਿੱਚ ਹਥਿਆਰਾਂ ਦੀ ਵਰਤੋਂ ਕਾਰਨ ਕਈ ਮਾਸੂਮ ਲੋਕਾਂ ਦੀ ਜਾਨ ਗਈ ਹੈ। ਕਈ ਵਾਰ ਖੁਸ਼ੀ ਵਿੱਚ ਹਵਾਈ ਫਾਇਰਿੰਗ ਕਰਨ ਸਮੇਂ ਗੋਲੀ ਭੀੜ ਵਿੱਚ ਲੱਗ ਜਾਂਦੀ ਹੈ। ਕਦੇ-ਕਦੇ ਨਸ਼ੇ ਵਿੱਚ ਧੁੱਤ ਨੌਜਵਾਨ ਗਲਤੀ ਨਾਲ ਟ੍ਰਿਗਰ ਦਬਾ ਦਿੰਦੇ ਹਨ। ਕਈ ਵਾਰ ਛੋਟੀਆਂ-ਛੋਟੀਆਂ ਗੱਲਾਂ ’ਤੇ ਝਗੜਾ ਹੋ ਜਾਂਦਾ ਹੈ ਅਤੇ ਹਥਿਆਰਾਂ ਦੀ ਮੌਜੂਦਗੀ ਮਾਮੂਲੀ ਵਿਵਾਦ ਨੂੰ ਜਾਨਲੇਵਾ ਸੰਘਰਸ਼ ਵਿੱਚ ਬਦਲ ਦਿੰਦੀ ਹੈ। ਬੱਚੇ ਅਤੇ ਔਰਤਾਂ ਵੀ ਇਨ੍ਹਾਂ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਇਸ ਖ਼ਤਰਨਾਕ ਰਵਾਇਤ ਦੇ ਪਿੱਛੇ ਕਈ ਕਾਰਨ ਹਨ। ਸਭ ਤੋਂ ਮੁੱਖ ਕਾਰਨ ਹੈ ਗੈਂਗਸਟਰ ਸੱਭਿਆਚਾਰ ਦਾ ਵਧਣਾ ਅਤੇ ਗਲਤ ਆਦਰਸ਼ਾਂ ਦਾ ਪ੍ਰਸਾਰ। ਕੁਝ ਗਾਣਿਆਂ ਅਤੇ ਫਿਲਮਾਂ ਵਿੱਚ ਹਥਿਆਰਾਂ ਅਤੇ ਹਿੰਸਾ ਨੂੰ ਸ਼ਾਨ ਦਾ ਪ੍ਰਤੀਕ ਦਿਖਾਇਆ ਜਾਂਦਾ ਹੈ, ਜਿਸ ਨਾਲ ਨੌਜਵਾਨਾਂ ’ਤੇ ਗਲਤ ਪ੍ਰਭਾਵ ਪੈਂਦਾ ਹੈ। ਸੋਸ਼ਲ ਮੀਡੀਆ ’ਤੇ ਵੱਡਾ ਪ੍ਰਭਾਵ ਪਾਉਣ ਅਤੇ ਮਸ਼ਹੂਰ ਹੋਣ ਦੀ ਚਾਹ ਵੀ ਇਸ ਵਿੱਚ ਭੂਮਿਕਾ ਨਿਭਾਉਂਦੀ ਹੈ। ਨੌਜਵਾਨ ਆਪਣੇ ਵੀਡੀਓਜ਼ ਸੋਸ਼ਲ ਮੀਡੀਆ ’ਤੇ ਸਾਂਝੇ ਕਰਨ ਲਈ ਅਜਿਹੇ ਖ਼ਤਰਨਾਕ ਕਾਰਨਾਮੇ ਕਰਦੇ ਹਨ। ਇਸ ਤੋਂ ਇਲਾਵਾ ਕਾਨੂੰਨ ਦੀ ਢਿੱਲੀ ਕਾਰਵਾਈ ਲਾਗੂ ਅਤੇ ਸਮਾਜਿਕ ਸੰਵੇਦਨਸ਼ੀਲਤਾ ਦੀ ਕਮੀ ਵੀ ਇਸ ਸਮੱਸਿਆ ਨੂੰ ਵਧਾ ਰਹੀ ਹੈ। ਕਈ ਵਾਰ ਪਰਿਵਾਰਕ ਸਹਿਮਤੀ ਨਾਲ ਜਾਂ ਘੁਮੰਡ ਦਿਖਾਉਣ ਲਈ ਅਜਿਹੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ। ਨਸ਼ਿਆਂ ਦਾ ਸੇਵਨ ਵੀ ਅਜਿਹੇ ਫੈਸਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤ ਵਿੱਚ ਆਰਮਜ਼ ਐਕਟ ਅਨੁਸਾਰ ਬਿਨਾਂ ਲਾਇਸੰਸ ਹਥਿਆਰ ਰੱਖਣਾ ਅਤੇ ਜਨਤਕ ਥਾਂਵਾਂ ’ਤੇ ਹਥਿਆਰ ਦਿਖਾਉਣਾ ਗੰਭੀਰ ਅਪਰਾਧ ਹੈ। ਹਵਾਈ ਫਾਇਰਿੰਗ ਤਾਂ ਹੋਰ ਵੀ ਖ਼ਤਰਨਾਕ ਅਤੇ ਗੈਰ-ਕਾਨੂੰਨੀ ਹੈ। ਅਜਿਹੇ ਕੇਸਾਂ ਵਿੱਚ ਸਖ਼ਤ ਕਾਰਵਾਈ ਹੋ ਸਕਦੀ ਹੈ, ਪਰ ਅਸਲ ਸਮੱਸਿਆ ਇਹ ਹੈ ਕਿ ਕਾਨੂੰਨ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ। ਪੁਲਿਸ ਨੂੰ ਵੀ ਅਕਸਰ ਰਾਜਨੀਤਿਕ ਅਤੇ ਸਮਾਜਿਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੱਸਿਆ ਦਾ ਹੱਲ ਸਿਰਫ਼ ਕਾਨੂੰਨ ਨਾਲ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਨਾਲ ਹੋ ਸਕਦਾ ਹੈ। ਮਾਪਿਆਂ ਅਤੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਸਹੀ ਮੁੱਲ ਅਤੇ ਸੰਸਕਾਰ ਦੇਣੇ ਚਾਹੀਦੇ ਹਨ। ਹਥਿਆਰ ਸ਼ਾਨ ਦਾ ਪ੍ਰਤੀਕ ਨਹੀਂ, ਸਗੋਂ ਮੌਤ ਦਾ ਸਾਧਨ ਹਨ - ਇਹ ਗੱਲ ਨੌਜਵਾਨਾਂ ਨੂੰ ਸਮਝਾਉਣੀ ਜ਼ਰੂਰੀ ਹੈ। ਵਿਆਹ ਦੇ ਆਯੋਜਕਾਂ ਨੂੰ ਚਾਹੀਦਾ ਹੈ ਕਿ ਉਹ ਸਮਾਗਮ ਵਿੱਚ ਹਥਿਆਰਾਂ ਦੀ ਮੌਜੂਦਗੀ ’ਤੇ ਪਾਬੰਦੀ ਲਗਾਉਣ। ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣੇ ਚਾਹੀਦੇ ਹਨ। ਪੁਲਿਸ ਨੂੰ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਦੇਣੀ ਚਾਹੀਦੀ। ਮੀਡੀਆ ਅਤੇ ਮਨੋਰੰਜਨ ਉਦਯੋਗ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਹਥਿਆਰਾਂ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਦੀ ਥਾਂ ਸਕਾਰਾਤਮਕ ਸੰਦੇਸ਼ ਦੇਣੇ ਚਾਹੀਦੇ ਹਨ। ਵਿਆਹ ਪਿਆਰ ਅਤੇ ਖੁਸ਼ੀਆਂ ਦਾ ਪ੍ਰਤੀਕ ਹੈ, ਨਾ ਕਿ ਹਥਿਆਰਾਂ ਅਤੇ ਹਿੰਸਾ ਦਾ। ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਖ਼ਤਰਨਾਕ ਰਵਾਇਤ ਨੂੰ ਖਤਮ ਕਰਨਾ ਚਾਹੀਦਾ ਹੈ। ਹਰ ਜਾਨ ਕੀਮਤੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਦਿਖਾਵੇ ਦੀ ਖਾਤਰ ਕਿਸੇ ਦੀ ਜਾਨ ਖਤਰੇ ਵਿੱਚ ਪਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਸਮਾਜਿਕ ਜਾਗਰੂਕਤਾ, ਕਾਨੂੰਨ ਦੀ ਸਖ਼ਤ ਪਾਲਣਾ ਅਤੇ ਸਹੀ ਮੁੱਲਾਂ ਦੀ ਸਿੱਖਿਆ ਰਾਹੀਂ ਅਸੀਂ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕਰ ਸਕਦੇ ਹਾਂ ਅਤੇ ਸਾਡੇ ਸਮਾਗਮਾਂ ਨੂੰ ਸੁਰੱਖਿਅਤ ਅਤੇ ਸੱਚੀ ਖੁਸ਼ੀ ਨਾਲ ਭਰਪੂਰ ਬਣਾ ਸਕਦੇ ਹਾਂ।

-ਜਗਜੀਤ ਸਿੰਘ ਦਰਦੀ

# ਪਾਕਿਸਤਾਨ ਵਿੱਚ ਪ੍ਰੈਸ ਤੇ ਖ਼ੁਦਮੁਖ਼ਤਿਆਰ ਵੈਬ ਮੀਡੀਆ ਗੰਭੀਰ ਸੰਕਟ ਵਿੱਚ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਸੰਸਾਰ ਪ੍ਰਸਿੱਧ ਨਿਊਜ਼ ਪੋਰਟਲ ਖ਼ਬਰਾਂ ਦੇ ਵਿੱਚ ਪਾਕਿ ਖ਼ਬਰਾਂ ਇੱਕ ਅਣਕਿਆਸੇ ਪ੍ਰੈਸ ਮੀਡੀਆ ਸੰਕਟ ਵੱਲ ਇਸ਼ਾਰਾ ਕਰਦੀਆਂ ਹਨ। ਪਾਕਿਸਤਾਨ ਦੇ ਪ੍ਰਸਿੱਧ ਮੀਡੀਆ ਹਾਊਸ ਡਾਨ ਨੇ ਆਪਣਾ ਉਰਦੂ ਵੈਬਸਾਈਟ ਨਿਊਜ਼ ਪੋਰਟਲ ਬੰਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਹੋਰ ਅਖ਼ਬਾਰ ਹਨ ਜੋ ਬੰਦ ਹੋ ਚੁੱਕੇ ਹਨ। ਪ੍ਰੈਸ ਦੀ ਆਜ਼ਾਦੀ ਦਾ ਮਸਲਾ ਅੱਜ ਪਾਕਿਸਤਾਨ ਵਿੱਚ ਇੱਕ ਆਪਣੀ ਤਰ੍ਹਾਂ ਦਾ ਮਸਲਾ ਹੈ, ਜਿਸ ਵਿੱਚ ਸਰਕਾਰ ਪੱਖੀ ਅਖ਼ਬਾਰ ਵੀ ਹਨ ਤੇ ਵਿਰੋਧੀ ਵੀ।

ਇਥੇ ਅਸੀਂ ਪਾਕਿਸਤਾਨ ਮੀਡੀਆ ਦੀ ਸਮੀਖਿਆ ਕਰਦੇ ਹੋਏ ਦੇਖਦੇ ਹਾਂ ਕਿ ਪਾਕਿਸਤਾਨ ਵਿੱਚ ਪੱਤਰਕਾਰੀ ਅਤੇ ਪ੍ਰੈਸ ਦੀ ਆਜ਼ਾਦੀ: ਇੱਕ ਗੰਭੀਰ ਸੰਕਟ ਵਿੱਚ ਹੈ। ਮੁੱਖ ਪੱਤਰਕਾਰੀ ਨੂੰ ਇੱਕ ਮਹੱਤਵਪੂਰਨ ਥਾਂ ਹੈ। ਇਹ ਨਾ ਸਿਰਫ਼ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ, ਸਗੋਂ ਲੋਕਤੰਤਰ ਦੀ ਨੀਂਹ ਵੀ ਹੈ ਪਰ ਅੱਜ, 2025 ਵਿੱਚ, ਪਾਕਿਸਤਾਨੀ ਪੱਤਰਕਾਰੀ ਇੱਕ ਅਜਿਹੇ ਸੰਕਟ ਵਿੱਚ ਫਸੀ ਹੋਈ ਹੈ ਜੋ ਦੁਨੀਆ ਭਰ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਫਿਊਡਲ (ਜ਼ਮੀਂਦਾਰੀ) ਹੱਥਾਂ ਵਿੱਚ ਮੀਡੀਆ ਦਾ ਕੰਟਰੋਲ, ਸਰਕਾਰੀ ਪੱਖਪਾਤੀ ਨੀਤੀਆਂ, ਵੈੱਬਸਾਈਟਾਂ ’ਤੇ ਪਾਬੰਦੀਆਂ ਅਤੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਨੇ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾ ਦਿੱਤਾ ਹੈ।

ਰਿਪੋਰਟਰਜ਼ ਵਿਦਾਉਟ ਬਾਰਡਰਜ਼ (ਆਰਐੱਸਐੱਫ) ਦੇ 2025 ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਵਿੱਚ ਪਾਕਿਸਤਾਨ 180 ਦੇਸ਼ਾਂ ਵਿੱਚੋਂ 158ਵੇਂ ਨੰਬਰ ’ਤੇ ਹੈ, ਜੋ ਇੱਕ ਡੂੰਘੇ ਪਤਨ ਨੂੰ ਦਰਸਾਉਂਦਾ ਹੈ। ਇਹ ਰੈਂਕਿੰਗ ਨਾ ਸਿਰਫ਼ ਪੱਤਰਕਾਰਾਂ ਦੀ ਸੁਰੱਖਿਆ ਦੇ ਘਾਟ ਨੂੰ ਉਜਾਗਰ ਕਰਦੀ ਹੈ, ਸਗੋਂ ਇੱਕ ਅਜਿਹੀ ਵਿਵਸਥਾ ਨੂੰ ਵੀ ਜ਼ਾਹਰ ਕਰਦੀ ਹੈ ਜਿੱਥੇ ਵਿਦਰੋਹੀ ਆਵਾਜ਼ਾਂ ਅਤੇ ਲੋਕਾਂ ਦੀਆਂ ਅਸਲੀਆਂ ਚਿੰਤਾਵਾਂ ਨੂੰ ਦਬਾਇਆ ਜਾਂਦਾ ਹੈ। ਇਸ ਲੇਖ ਵਿੱਚ ਅਸੀਂ ਪਾਕਿਸਤਾਨ ਵਿੱਚ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਮੀਡੀਆ ਦੇ ਹਾਲਾਤਾਂ, ਫਿਊਡਲ ਪ੍ਰਭਾਵ, ਸਰਕਾਰੀ ਨਿਯੰਤਰਣ, ਅਤੇ ਤਾਜ਼ਾ ਘਟਨਾਵਾਂ ਜਿਵੇਂ ਕਿ ਡਾਨ ਵੈੱਬਸਾਈਟ ਦੇ ਬੰਦ ਹੋਣ ’ਤੇ ਚਰਚਾ ਕਰਾਂਗੇ। ਪਾਕਿਸਤਾਨੀ ਪੱਤਰਕਾਰੀ ਦਾ ਇਤਿਹਾਸ ਅਤੇ ਵਿਕਾਸ ਪਾਕਿਸਤਾਨ ਦੀ ਪੱਤਰਕਾਰੀ ਦੀ ਸ਼ੁਰੂਆਤ 1947 ਵਿੱਚ ਦੇਸ਼ ਦੀ ਅਜ਼ਾਦੀ ਨਾਲ ਹੀ ਹੋਈ। ਮੁਹੰਮਦ ਅਲੀ ਜਿਨਾਹ ਨੇ ਡਾਨ ਅਖ਼ਬਾਰ ਦੀ ਸਥਾਪਨਾ ਕੀਤੀ, ਜੋ ਅੱਜ ਵੀ ਅੰਗਰੇਜ਼ੀ ਪ੍ਰੈਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਅੱਜ ਇਸ ਵੇਲੇ ਤੱਕ ਰੇਡੀਓ ਅਤੇ ਟੈਲੀਵਿਜ਼ਨ ਸਰਕਾਰੀ ਨਿਯੰਤਰਣ ਹੇਠ ਸੀ, ਪਰ ਪ੍ਰਿੰਟ ਮੀਡੀਆ ਨੇ ਆਪਣੀ ਆਜ਼ਾਦੀ ਨੂੰ ਬਰਕਰਾਰ ਰੱਖਿਆ। 1960ਵਿਆਂ ਵਿੱਚ ਆਯੂਬ ਖਾਨ ਨੇ ਪ੍ਰੈਸ ਅਤੇ ਪ੍ਰਕਾਸ਼ਨ ਆਰਡੀਨੈਂਸ (ਪੀਪੀਓ) ਲਾਗੂ ਕੀਤਾ, ਜਿਸ ਨੇ ਅਖ਼ਬਾਰਾਂ ਨੂੰ ਜ਼ਬਤ ਕਰਨ ਦੀ ਲਾਈਸੈਂਸ ਨੂੰ ਸੰਭਵ ਬਣਾਇਆ। ਫਿਰ ਜੀਆ ਉਲ ਹੱਕ ਦੇ ਤਾਨਾਸ਼ਾਹੀ ਯੁੱਗ ਵਿੱਚ ਸੈਂਸਰਸ਼ਿਪ ਨੇ ਪੱਤਰਕਾਰਾਂ ਨੂੰ ਦਬਾਇਆ, ਪਰ 1980ਵਿਆਂ ਵਿੱਚ ਨਿੱਜੀ ਚੈਨਲਾਂ ਦੇ ਆਗ ਨਾਲ ਇੱਕ ਨਵਾਂ ਜ਼ੋਰ ਆਇਆ।

2002 ਵਿੱਚ ਪੀਈਐੱਮਆਰਏ (ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ) ਦੇ ਗਠਨ ਨਾਲ ਟੈਲੀਵਿਜ਼ਨ ਅਤੇ ਰੇਡੀਓ ਵਿੱਚ ਨਿੱਜੀ ਖੇਡ ਅੱਗੇ ਵਧੀ। ਅੱਜ ਪਾਕਿਸਤਾਨ ਵਿੱਚ 40 ਤੋਂ ਵੱਧ ਐੱਫਐੱਮ ਰੇਡੀਓ ਸਟੇਸ਼ਨ ਅਤੇ ਸੈਂਕੜੇ ਟੀਵੀ ਚੈਨਲ ਹਨ, ਪਰ ਇਹ ਵਿਕਾਸ ਨਿਰੰਤਰ ਨਿਯੰਤਰਣ ਅਤੇ ਆਰਥਿਕ ਦਬਾਅ ਨਾਲ ਘਿਰਿਆ ਹੋਇਆ ਹੈ।

ਫਿਊਡਲ ਪ੍ਰਭਾਵ ਹੇਠ ਪੱਤਰਕਾਰੀ ਦਾ ਗੁਲਾਮੀ ਵਾਲਾ ਰੂਪ ਪਾਕਿਸਤਾਨ ਵਿੱਚ ਫਿਊਡਲ ਸਿਸਟਮ ਇੱਕ ਅਜਿਹੀ ਵਿਰਾਸਤ ਹੈ ਜੋ ਬ੍ਰਿਟਿਸ਼ ਰਾਜ ਤੋਂ ਚੱਲੀ ਆ ਰਹੀ ਹੈ। ਜ਼ਮੀਂਦਾਰ ਭਾਈਚਾਰੇ ਨੇ ਨਾ ਸਿਰਫ਼ ਰਾਜਨੀਤੀ ’ਤੇ ਕਬਜ਼ਾ ਕੀਤਾ, ਸਗੋਂ ਮੀਡੀਆ ਨੂੰ ਵੀ ਆਪਣੇ ਹੱਥਾਂ ਵਿੱਚ ਲੈ ਲਿਆ। ਅੱਜ ਵੀ ਨੈਸ਼ਨਲ ਅਸੈਂਬਲੀ ਦੇ ਦੋ-ਤਿਹਾਈ ਮੈਂਬਰ ਫਿਊਡਲ ਪਿਛੋਕੜ ਵਾਲੇ ਹਨ। ਅੱਜ ਇਸ ਨਾਲ ਟੈਲੀਵਿਜ਼ਨ ਚੈਨਲਾਂ ਜਿਵੇਂ ਜੀਓ ਅਤੇ ਏਆਰਵਾਈ ਨੂੰ ਬਾਰ-ਬਾਰ ਬੰਦ ਕੀਤਾ ਗਿਆ ਹੈ। ਸੈਨਿਕ ਅਤੇ ਰਾਜਨੀਤਿਕ ਐਲੀਟ ਨੇ ਮੀਡੀਆ ਨੂੰ ਆਪਣੇ ਹੱਕ ਵਿੱਚ ਵਰਤਿਆ ਹੈ। ਫ੍ਰੀਡਮ ਹਾਊਸ ਦੀ 2025 ਰਿਪੋਰਟ ਮੁਤਾਬਕ, ਸੈਨਿਕ ਨੇ ਰਾਜਨੀਤਿਕ ਹਸਤਕਸ਼ੇਪ ਨੂੰ ਲੁਕਾਉਣ ਲਈ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਹਨ। ਹੁਣ ਨਤੀਜਾ ਇਹ ਹੈ ਕਿ ਵਿਧਰੋਹੀ ਆਵਾਜ਼ਾਂ ਬਹੁਤ ਘੱਟ ਹਨ, ਅਤੇ ਲੋਕਾਂ ਦੀਆਂ ਅਸਲੀਆਂ ਸਮੱਸਿਆਵਾਂ ਜਿਵੇਂ ਗਰੀਬੀ ਅਤੇ ਅੱਤਵਾਦ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਪਾਕਿਸਤਾਨ ਪ੍ਰੈਸ ਫਾਊਂਡੇਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2025 ਵਿੱਚ 137 ਹਮਲੇ ਪੱਤਰਕਾਰਾਂ ’ਤੇ ਹੋਏ, ਜਿਸ ਵਿੱਚ 8 ਮੌਤਾਂ ਸ਼ਾਮਲ ਹਨ। ਉਥੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਅਤੇ ਆਰਥਿਕ ਦਬਾਅ ਪਾਕਿਸਤਾਨ ਵਿੱਚ ਅਖ਼ਬਾਰਾਂ ਦੀਆਂ ਕੀਮਤਾਂ ਬਹੁਤ ਉੱਚੀਆਂ ਹਨ, ਜੋ ਆਮ ਲੋਕਾਂ ਲਈ ਪਹੁੰਚ ਤੋਂ ਬਾਹਰ ਹਨ। ਡਾਨ ਅਖ਼ਬਾਰ ਨੇ 2018 ਵਿੱਚ ਆਪਣੀ ਕੀਮਤ ਰੁਪਏ 22 ਤੋਂ ਵਧਾ ਕੇ 25 ਕੀਤੀ ਅਤੇ ਅੱਜ ਇਹ ਰੁਪਏ 35 ਤੱਕ ਪਹੁੰਚ ਗਈ ਹੈ।

ਇਹ ਘਟਨਾ ਆਰਥਿਕ ਦਬਾਅ ਨੂੰ ਦਰਸਾਉਂਦੀ ਹੈ, ਜਿੱਥੇ ਵਿਗਿਆਪਨਾਂ ਦੀ ਘਾਟ ਅਤੇ ਸਰਕਾਰੀ ਨੀਤੀਆਂ ਨੇ ਮੀਡੀਆ ਨੂੰ ਕੰਬਲ ਵਿੱਚ ਧੱਕ ਦਿੱਤਾ ਹੈ। ਡਾਨ ਵੈੱਬਸਾਈਟ ਦਾ ਬੰਦ ਹੋਣਾ: ਤਾਜ਼ਾ ਚੇਤਾਵਨੀ ਅੱਜ ਦੀਆਂ ਖ਼ਬਰਾਂ ਵਿੱਚ ਆਇਆ ਹੈ ਕਿ ਡਾਨ ਦੀ ਵੈੱਬਸਾਈਟ ਨੂੰ ਬੰਦ ਕਰਵਾ ਦਿੱਤਾ ਗਿਆ ਹੈ। ਹਾਲਾਂਕਿ ਇਹ ਪਹਿਲਾਂ ਵੀ ਹੋ ਚੁੱਕਾ ਹੈ, ਪਰ 2025 ਵਿੱਚ ਡਾਨ ਨਿਊਜ਼ ਟੀਵੀ ਦੇ ਬੰਦ ਹੋਣ ਨੇ ਇਸ ਨੂੰ ਨਵਾਂ ਰੂਪ ਦਿੱਤਾ ਹੈ। ਇਹ ਨਾ ਸਿਰਫ਼ ਇੱਕ ਅਖ਼ਬਾਰ ਨੂੰ ਬੰਦ ਕਰਨ ਵਾਲੀ ਘਟਨਾ ਹੈ, ਸਗੋਂ ਪੂਰੀ ਪੱਤਰਕਾਰੀ ਨੂੰ ਚੁਣੌਤੀ ਹੈ। ਪ੍ਰੈਸ ਆਜ਼ਾਦੀ ਦਾ ਭਵਿੱਖ ਅਤੇ ਸੁਝਾਅ2025 ਨੂੰ ਪਾਕਿਸਤਾਨ ਪ੍ਰੈਸ ਫਾਊਂਡੇਸ਼ਨ ਨੇ ‘ਬਲੀਕ ਯੀਅਰ’ ਕਿਹਾ ਹੈ, ਜਿੱਥੇ ਹਮਲੇ ਅਤੇ ਸੈਂਸਰਸ਼ਿਪ ਵਧੇ ਹਨ ਪਰ ਉਮੀਦ ਵੀ ਹੈ। ਜਰਨਲਿਸਟਸ ਐਂਡ ਮੀਡੀਆ ਪ੍ਰੋਫੈਸ਼ਨਲਜ਼ ਪ੍ਰੋਟੈਕਸ਼ਨ ਬਿੱਲ 2025 ਨੂੰ ਸੈਨੇਟ ਨੇ ਪਾਸ ਕੀਤਾ ਹੈ, ਜੋ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਦਮ ਹੈ। ਸੁਝਾਅ ਵਜੋਂ, ਸਰਕਾਰ ਨੂੰ ਪੀਸੀਏ ਨੂੰ ਨਰਮ ਕਰਨਾ ਚਾਹੀਦਾ ਹੈ ਅਤੇ ਫਿਊਡਲ ਪ੍ਰਭਾਵ ਨੂੰ ਘਟਾਉਣ ਲਈ ਲੈਂਡ ਰਿਫਾਰਮ ਲਾਗੂ ਕਰਨੇ ਚਾਹੀਦੇ ਹਨ। ਪੱਤਰਕਾਰ ਭਾਈਚਾਰੇ ਨੂੰ ਡਿਜੀਟਲ ਟੂਲਾਂ ਨਾਲ ਤਾਕਤਵਰ ਬਣਾਉਣਾ ਚਾਹੀਦਾ ਹੈ। ਅੰਤ ਵਿੱਚ, ਪ੍ਰੈਸ ਆਜ਼ਾਦੀ ਲੋਕਤੰਤਰ ਦੀ ਨੀਂਹ ਹੈ; ਇਸ ਨੂੰ ਬਚਾਉਣਾ ਹਰ ਪਾਕਿਸਤਾਨੀ ਦੀ ਜ਼ਿੰਮੇਵਾਰੀ ਹੈ।(ਸ਼ਬਦ ਗਿਣਤੀ: 1187) ਅੰਗਰੇਜ਼ੀ ਚੈਨਲ ਤੋਂ ਬਾਅਦ, ਪਾਕਿਸਤਾਨ ਦਾ ਉਰਦੂ ਡਿਜੀਟਲ ਚੈਨਲ, ਡਾਨ ਨਿਊਜ਼, ਵੀ ਚੁੱਪ ਹੋ ਗਿਆ ਹੈ। ਆਪਣੇ 19 ਕੈਂਪਸਾਂ ਰਾਹੀਂ, ਆਧੁਨਿਕ ਡਿਜ਼ਾਈਨਾਂ ਵਿੱਚ ਪਰੰਪਰਾ ਦਾ ਅਹਿਸਾਸ ਲਿਆਉਣ ਲਈ ਕਾਰੀਗਰਾਂ ਅਤੇ ਸਮਕਾਲੀ ਡਿਜ਼ਾਈਨਰਾਂ ਦਰਮਿਆਨ ਸੰਪਰਕ ਬਣਾਏ ਹਨ। ਭੂਗੋਲਿਕ ਸੰਕੇਤ ਰਜਿਸਟਰੀ ਨੇ 366 ਤੋਂ ਵੱਧ ਦਸਤਕਾਰੀਆਂ ਨੂੰ ਸੁਰੱਖਿਅਤ ਬਣਾਇਆ ਹੈ। ਇਹ ਭਾਈਚਾਰਕ ਹੁਨਰ ਦੀ ਸੁਰੱਖਿਆ ਅਤੇ ਹਮਜ਼ਾ ਨਸੀਰ ਇਕ ਰਿਪੋਰਟ ਮੁਤਾਬਕ-ਪਾਕਿਸਤਾਨ ਵਿੱਚ ਪੱਤਰਕਾਰੀ ਅਤੇ ਪ੍ਰੈਸ ਦੀ ਆਜ਼ਾਦੀ ਅੱਜ ਇੱਕ ਗੰਭੀਰ ਸੰਕਟ ਵਿੱਚ ਹੈ, ਜੋ ਕਿ ਪੱਤਰਕਾਰੀ ਨੂੰ ਇੱਕ ਮਹੱਤਵਪੂਰਨ ਥਾਂ ਹੈ। ਇਹ ਨਾ ਸਿਰਫ਼ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ, ਸਗੋਂ ਲੋਕਤੰਤਰ ਦੀ ਨੀਂਹ ਵੀ ਹੈ। ਪਰ ਅੱਜ, 2025 ਵਿੱਚ, ਪਾਕਿਸਤਾਨੀ ਪੱਤਰਕਾਰੀ ਇੱਕ ਅਜਿਹੇ ਸੰਕਟ ਵਿੱਚ ਫਸੀ ਹੋਈ ਹੈ ਜੋ ਦੁਨੀਆ ਭਰ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਫਿਊਡਲ (ਜ਼ਮੀਂਦਾਰੀ) ਹੱਥਾਂ ਵਿੱਚ ਮੀਡੀਆ ਦਾ ਕੰਟਰੋਲ, ਸਰਕਾਰੀ ਪੱਖਪਾਤੀ ਨੀਤੀਆਂ, ਵੈੱਬਸਾਈਟਾਂ ’ਤੇ ਪਾਬੰਦੀਆਂ, ਅਤੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਨੇ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾ ਦਿੱਤਾ ਹੈ। ਰਿਪੋਰਟਰਜ਼ ਵਿਦਾਉਟ ਬਾਰਡਰਜ਼ (ਆਰਐੱਸਐੱਫ) ਦੇ 2025 ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਵਿੱਚ ਪਾਕਿਸਤਾਨ 180 ਦੇਸ਼ਾਂ ਵਿੱਚੋਂ 158ਵੇਂ ਨੰਬਰ ’ਤੇ ਹੈ, ਜੋ ਇੱਕ ਡੂੰਘੇ ਪਤਨ ਨੂੰ ਦਰਸਾਉਂਦਾ ਹੈ।

ਇਹ ਰੈਂਕਿੰਗ ਨਾ ਸਿਰਫ਼ ਪੱਤਰਕਾਰਾਂ ਦੀ ਸੁਰੱਖਿਆ ਦੇ ਘਾਟ ਨੂੰ ਉਜਾਗਰ ਕਰਦੀ ਹੈ, ਸਗੋਂ ਇੱਕ ਅਜਿਹੀ ਵਿਵਸਥਾ ਨੂੰ ਵੀ ਜ਼ਾਹਰ ਕਰਦੀ ਹੈ ਜਿੱਥੇ ਵਿਦਰੋਹੀ ਆਵਾਜ਼ਾਂ ਅਤੇ ਲੋਕਾਂ ਦੀਆਂ ਅਸਲੀਆਂ ਚਿੰਤਾਵਾਂ ਨੂੰ ਦਬਾਇਆ ਜਾਂਦਾ ਹੈ। ਇਸ ਲੇਖ ਵਿੱਚ ਅਸੀਂ ਪਾਕਿਸਤਾਨ ਵਿੱਚ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਮੀਡੀਆ ਦੇ ਹਾਲਾਤਾਂ, ਫਿਊਡਲ ਪ੍ਰਭਾਵ, ਸਰਕਾਰੀ ਨਿਯੰਤਰਣ ਅਤੇ ਤਾਜ਼ਾ ਘਟਨਾਵਾਂ ਜਿਵੇਂ ਕਿ ਡਾਨ ਵੈੱਬਸਾਈਟ ਦੇ ਬੰਦ ਹੋਣ ’ਤੇ ਚਰਚਾ ਕਰਾਂਗੇ। ਅੱਜ ਉਥੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ— DawnNews.tv ਬੰਦ ਹੋ ਗਿਆ ਹੈ। ਪਾਕਿਸਤਾਨ ਵਿੱਚ ਨੈਤਿਕ ਪੱਤਰਕਾਰੀ ਦਾ ਸਭ ਤੋਂ ਮਜ਼ਬੂਤ ਥੰਮ ਸੀ। ਇਸ ਨੂੰ ਕਦੀ ਭਾਰਤੀ ਪੱਤਰਕਾਰਡਾ. ਵੇਦ ਪ੍ਰਤਾਪ ਵੈਦਿਕ ਨੇ ‘ਡਾਨ’ ਦੀ ਪਾਕਿਸਤਾਨੀ ਪੱਤਰਕਾਰੀ ਨੂੰ ਸਲਾਮ ਕੀਤਾ ਸੀ।- ਡਾ. ਵੇਦ ਪ੍ਰਤਾਪ ਵੈਦਿਕ ਨੇ ਲਿਖਿਆ ਸੀ। ਪਾਕਿਸਤਾਨ ਆਪਣੇ ਲਈ ਇੱਕ ਤੋਂ ਬਾਅਦ ਇੱਕ ਸੰਕਟ ਪੈਦਾ ਕਰ ਰਿਹਾ ਹੈ। ਉੜੀ ਅੱਤਵਾਦੀ ਹਮਲੇ ਕਾਰਨ ਇਸਨੂੰ ਪਹਿਲਾਂ ਹੀ ਵਿਸ਼ਵ ਪੱਧਰ ’ਤੇ ਬਦਨਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਅਤੇ ਹੁਣ ਸਰਕਾਰ ਆਪਣੇ ਹੀ ਪੱਤਰਕਾਰਾਂ ਨਾਲ ਟਕਰਾ ਗਈ ਹੈ। ਇਸਨੇ ਮਸ਼ਹੂਰ ਅਖ਼ਬਾਰ ‘ਡਾਨ’ ਦੇ ਰਿਪੋਰਟਰ ਸਿਰਿਲ ਅਲਮੇਡਾ ’ਤੇ ਵਰ੍ਹਿਆ ਹੈ। ਅਲਮੇਡਾ ਦਾ ਨਾਮ ‘ਐਗਜ਼ਿਟ ਕੰਟਰੋਲ ਲਿਸਟ’ ਵਿੱਚ ਰੱਖਿਆ ਗਿਆ ਹੈ, ਭਾਵ ਉਹ ਹੁਣ ਵਿਦੇਸ਼ ਯਾਤਰਾ ਨਹੀਂ ਕਰ ਸਕਦਾ। ਉਸਦਾ ਕਸੂਰ ਇਹ ਹੈ ਕਿ ਉਸਨੇ 6 ਅਕਤੂਬਰ ਨੂੰ ‘ਡਾਨ’ ਵਿੱਚ ਇੱਕ ਲੇਖ ਲਿਖਿਆ, ਜਿਸ ਵਿੱਚ ਸਰਕਾਰ ਅਤੇ ਫੌਜ ਵਿਚਕਾਰ ਅੰਦਰੂਨੀ ਬਹਿਸ ਦਾ ਪਰਦਾਫਾਸ਼ ਕੀਤਾ ਗਿਆ ਸੀ।

ਇਹ ਮੰਦਭਾਗਾ ਹੈ ਕਿ ਜਦੋਂ ਸਰਕਾਰੀ ਅਧਿਕਾਰੀ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਦੇ ਹਨ, ਤਾਂ ਫੌਜ ਅਤੇ ਖੁਫੀਆ ਏਜੰਸੀਆਂ ਉਨ੍ਹਾਂ ਦੀ ਰੱਖਿਆ ਕਰਦੀਆਂ ਹਨ। ਜਿਵੇਂ ਹੀ ਇਹ ਖ਼ਬਰ ਪ੍ਰਕਾਸ਼ਿਤ ਹੋਈ, ਪਾਕਿਸਤਾਨ ਵਿੱਚ ਹੰਗਾਮਾ ਹੋਇਆ। ਸਰਕਾਰ ਨੇ ਇਸ ਤੋਂ ਤਿੰਨ ਵਾਰ ਇਨਕਾਰ ਕੀਤਾ। ਅਲਮੇਡਾ ’ਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਸੀ। ਗੁਪਤਤਾ ਦੀ ਉਲੰਘਣਾ ਲਈ ਉਸਦੀ ਗ੍ਰਿਫਤਾਰੀ ਦੀ ਮੰਗ ਕੀਤੀ ਜਾ ਰਹੀ ਸੀ, ਅਤੇ ਹੁਣ ਉਸਨੂੰ ਵਿਦੇਸ਼ ਯਾਤਰਾ ਕਰਨ ਤੋਂ ਰੋਕ ਦਿੱਤਾ ਗਿਆ ਹੈ। ਸਰਕਾਰ ਇੰਨੀ ਪਰੇਸ਼ਾਨ ਹੈ ਕਿ ਪ੍ਰਧਾਨ ਮੰਤਰੀ ਅਤੇ ਫੌਜ ਮੁਖੀ ਨੂੰ ਇਸ ਮਾਮਲੇ ’ਤੇ ਚਰਚਾ ਕਰਨ ਲਈ ਮਿਲਣਾ ਪਿਆ। ਪਰ ‘ਡਾਨ’ ਦੇ ਸੰਪਾਦਕ ਇਸ ਗੱਲ ’ਤੇ ਅੜੇ ਹਨ। ਉਹ ਕਹਿੰਦੇ ਹਨ ਕਿ ਅਲਮੇਡਾ ਨੇ ਜੋ ਵੀ ਲਿਖਿਆ ਹੈ ਉਹ ਸਬੂਤਾਂ ’ਤੇ ਆਧਾਰਿਤ ਹੈ। ਸਰਕਾਰ ਸਿਧਾਂਤਕ ਤੌਰ ’ਤੇ ਸਹੀ ਹੈ ਕਿ ਸਾਰੇ ਰਾਸ਼ਟਰੀ ਸੁਰੱਖਿਆ ਰਾਜ਼ਾਂ ਦਾ ਖੁਲਾਸਾ ਕਰਨਾ ਸਹੀ ਨਹੀਂ ਹੈ, ਪਰ ਇਸ ਬਾਰੇ ਇੰਨਾ ਗੁਪਤ ਕੀ ਹੈ? ਕੀ ਪੂਰੀ ਦੁਨੀਆ ਅਤੇ ਪਾਕਿਸਤਾਨ ਦੇ ਲੋਕ ਨਹੀਂ ਜਾਣਦੇ ਕਿ ਅੱਤਵਾਦੀਆਂ ਦੀ ਮਦਦ ਕੌਣ ਕਰ ਰਿਹਾ ਹੈ? ਇਸ ਤੋਂ ਇਲਾਵਾ, ਜੋ ਪ੍ਰਗਟ ਹੋਇਆ ਹੈ ਉਹ ਬਿਨਾਂ ਸ਼ੱਕ ਪਾਕਿਸਤਾਨ ਦੀ ਛਵੀ ਨੂੰ ਬਿਹਤਰ ਬਣਾਏਗਾ। ਇਹ ਇਹ ਵੀ ਦਰਸਾਉਂਦਾ ਹੈ ਕਿ ਪਾਕਿਸਤਾਨੀ ਨੇਤਾ ਫੌਜ ਦੀਆਂ ਕਠਪੁਤਲੀਆਂ ਨਹੀਂ ਹਨ। ਉਨ੍ਹਾਂ ਕੋਲ ਅਜੇ ਵੀ ਕੁਝ ਤਾਕਤ ਬਚੀ ਹੈ। ਦੂਜਾ, ਪਾਕਿਸਤਾਨ ਵਿੱਚ ਲੋਕਤੰਤਰ ਜ਼ਿੰਦਾ ਹੈ। ਤੀਜਾ, ਅਲਮੇਡਾ ਦੀ ਰਿਪੋਰਟ ਅੱਤਵਾਦੀਆਂ ’ਤੇ ਦਬਾਅ ਵਧਾਏਗੀ ਅਤੇ ਪਾਕਿਸਤਾਨ ਲਈ ਚੰਗਾ ਸਮਾਂ ਲਿਆਏਗੀ। ਬਹੁਤ ਸਾਰੇ ਬਹਾਦਰ ਪਾਕਿਸਤਾਨੀ ਪੱਤਰਕਾਰ ਖੁੱਲ੍ਹ ਕੇ ਅਲਮੇਡਾ ਦਾ ਸਮਰਥਨ ਕਰ ਰਹੇ ਹਨ। ਪਾਕਿਸਤਾਨੀ ਪੱਤਰਕਾਰ ਇੱਕੋ ਜਿਹੇ ਜ਼ੁਲਮ ਦਾ ਸਾਹਮਣਾ ਬਰਾਬਰ ਹਿੰਮਤ ਨਾਲ ਕਰਦੇ ਹਨ। ਇਸਨੂੰ ਸ਼ੁੱਧ (ਪਾਕਿਸਤਾਨੀ) ਪੱਤਰਕਾਰੀ ਕਿਹਾ ਜਾਂਦਾ ਹੈ! ਪਾਕਿਸਤਾਨ ਵਿੱਚ ਪੱਤਰਕਾਰਾਂ ਦੇ ਨਾਲ ਤੇ ਪੱਤਰਕਾਰੀ ਮੀਡੀਆ ਹਾਊਸਿਜ ਦੇ ਨਾਲ ਹੋ ਰਿਹਾ ਹੈ ਉਹ ਠੀਕ ਨਹੀਂ ਹੈ। ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਵੀ ਅੱਜ ਕੱਲ ਇਸ ਤਰ੍ਹਾਂ ਦਾ ਹੀ ਚੱਲਨ ਹੈ। ਅਮਰੀਕਾ ਤੋਂ ਲੈ ਕੇ ਧੁਰ ਆਸਟਰੇਲੀਆ ਤੱਕ ਇਹ ਸਭ ਕੁੱਝ ਚਲਦਾ ਹੈ ਪ੍ਰੰਤੂ ਗੁਆਂਢ ਵਿੱਚ ਨੇਪਾਲ ਪਾਕਿਸਤਾਨ ਬੰਗਲਾਦੇਸ਼ ਵਿੱਚ ਪ੍ਰੈਸ ਦਾ ਧੁਰਾ ਕੀ ਹੈ ਇਹ ਭਾਰਤ ਵਾਸਤੇ ਇੱਕ ਅਤੇ ਪੱਤਰਕਾਰੀ ਦੀ ਵਰਤਮਾਨ ਦੇ ਵੱਡੀ ਘਟਨਾ ਹੈ।

# ਨਵਜੋਤ ਸਿੱਧੂ ਨੇ ਕੀ ਸੱਚੀਂ ਸਿਆਸੀ ਝੂਠ ਬੋਲਿਆ !



ਕਮਲਜੀਤ ਸਿੰਘ ਬਨਵੈਤ
98147 34035

- ☛ ਨਵਜੋਤ ਕੌਰ ਸਿੱਧੂ ਨੇ ਪੰਜਾਬ ਕਾਂਗਰਸ ਦੇ ਨੇਤਾਵਾਂ ਨੂੰ ਲਪੇਟਿਆ ਪਰ ਦੋਸ਼ ਢੁੱਕਦੇ ਨੇ ਸਾਰੀਆਂ ਪਾਰਟੀਆਂ ਉੱਤੇ
- ☛ ਟਿਕਟਾਂ, ਵਜ਼ੀਰੀਆਂ ਜਾਂ ਮੁੱਖ ਮੰਤਰੀ ਦੀ ਕੁਰਸੀ ਲਈ ਦਿੱਤੇ ਜਾਣ ਵਾਲੇ ਸੂਟਕੇਸਾਂ ਦੇ ਸਬੂਤ ਨਹੀਂ ਹੁੰਦੇ, ਪਰ ਅੱਖਾਂ ਵੀ ਨਹੀਂ ਮੇਟ ਸਕਦੇ ਕੌੜੇ ਸੱਚ ਤੋਂ
- ☛ ਜੇ ਅਸੀਂ ਇਸ ਤੋਂ ਵੀ ਮੁੱਕਰ ਗਏ ਤੇ ਸਰਕਾਰਾਂ ਤੋੜਨ ਤੇ ਬਣਾਉਣ ਲਈ ਵਿਧਾਇਕ ਖ਼ਰੀਦੇ ਨਹੀਂ ਜਾਂਦੇ ਤਾਂ ਚਿੱਟੇ ਕਾਗਜ਼ ਕਾਲੇ ਕਰਨ ਦਾ ਕੀ ਫਾਇਦਾ
- ☛ ਪਾਰਲੀਮੈਂਟ ਜਾਂ ਵਿਧਾਨ ਸਭਾ ਛੱਡ ਦੇਈਏ ਇਥੋਂ ਤੱਕ ਕਿ ਕਾਰਪੋਰੇਸ਼ਨ ਦੇ ਮੇਅਰ ਅਤੇ ਕੌਂਸਲਰਾਂ ਦੇ ਪ੍ਰਧਾਨ ਦੀ ਚੋਣ ਵੇਲੇ ਵੀ ਲੁਕਾਉਣੇ ਪੈਂਦੇ ਨੇ ਵੋਟਰ

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਕੈਬਨਿਟ ਵਜ਼ੀਰ ਨਵਜੋਤ ਸਿੰਘ ਸਿੱਧੂ ਕਈ ਸਾਲਾਂ ਤੋਂ ਸਿਆਸਤ ਵਿੱਚੋਂ ਮਨਫੀ ਹੋ ਗਏ ਸਨ। ਉਹਨਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਇੱਕ ਤਰ੍ਹਾਂ ਨਾਲ ਉਦੋਂ ਹੀ ਰਾਜਨੀਤੀ ਵਿੱਚੋਂ ਪਾਸੇ ਹੋ ਗਏ ਸਨ ਜਦੋਂ ਉਹ ਅਕਾਲੀ ਭਾਜਪਾ ਸਰਕਾਰ ਵਿੱਚ ਵਜ਼ੀਰ ਨਹੀਂ ਰਹੇ ਸਨ। ਨਵਜੋਤ ਕੌਰ ਬਿਮਾਰ ਹੋ ਗਏ ਤਾਂ ਸਿੱਧੂ ਜੋੜੇ ਦੀਆਂ ਸਿਆਸੀ ਸਰਗਰਮੀਆਂ ਹੋਰ ਵੀ ਘੱਟ ਗਈਆਂ। ਉਸ ਤੋਂ ਬਾਅਦ ਸਿੱਧੂ ਜੋੜਾ ਦੇਸ਼ ਵਿਦੇਸ਼ ਅਤੇ ਪਹਾੜਾਂ ਦੀਆਂ ਸੈਰਾਂ ’ਤੇ ਚੜ੍ਹਿਆ ਰਿਹਾ। ਉਹਨਾਂ ਦੀਆਂ ਸੋਸ਼ਲ ਮੀਡੀਆ ’ਤੇ ਚੱਲਦੀਆਂ ਤਸਵੀਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਨਵਜੋਤ ਸਿੱਧੂ ਆਪ ਮੁੜ ਮਨੋਰੰਜਨ ਦੀ ਦੁਨੀਆਂ ਵਿੱਚ ਚਲੇ ਗਏ ਪਰ ਉਸ ਤੋਂ ਪਹਿਲਾਂ ਉਹਨਾਂ ਨੇ ਸਿਆਸਤ ਵਿੱਚ ਮਨੋਰੰਜਨ ਦੇ ਖੇਤਰ ਦੀ ਕਮਾਈ ਗੁਆ ਬੈਠਣ ਦਾ ਪਛਤਾਵਾ ਕੀਤਾ। ਨਵਜੋਤ ਕੌਰ ਇਸ ਵੇਲੇ ਇੱਕ ਆਮ ਕਾਂਗਰਸ ਵਰਕਰ ਜਾਂ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਹੈਸੀਅਤ ਵਿੱਚ ਵਿਚਰ ਰਹੇ ਸਨ। ਉਹਨਾਂ ਵੱਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਦੀ ਕੁਰਸੀ ਬਦਲੇ 500 ਕਰੋੜ ਦੀ ਭੇਟਾ ਦੇਣ ਦੇ ਦਿੱਤੇ ਬਿਆਨ ਨੂੰ ਮੀਡੀਆ ਨੇ ਬੋਚ ਲਿਆ ਸੀ। ਨਵਜੋਤ ਕੌਰ ਦਾ ਸਿਆਸਤ ਵਿੱਚ ਕੱਦ ਵੱਡਾ ਨਹੀਂ ਪਰ ਕਿਉਂਕਿ ਉਹ ਇੱਕ ਚਰਚਿਤ ਬਿਆਨ ਦੇ ਗਏ ਇਸ ਕਰਕੇ ਉਹ ਮੁੜ ਅਖ਼ਬਾਰਾਂ ਦੀਆਂ ਸੁਰਖੀਆਂ ਬਣੇ।

ਉਹਨਾਂ ਵੱਲੋਂ ਲਾਏ ਇਲਜ਼ਾਮ ਝੂਠੇ ਹਨ ਜਾਂ ਸੱਚੇ, ਸਾਡਾ ਅੱਜ ਦੇ ਲੇਖ ਦਾ ਇਹ ਵਿਸ਼ਾ ਨਹੀਂ ਹੈ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਲਈ ਪੈਸੇ ਨਾਲ ਹਾਈਕਮਾਂਡ ਨੂੰ ਭਰਿਆ ਸੂਟਕੇਸ ਦਿੰਦੇ ਰਹੇ ਹਨ ਜਾਂ ਨਹੀਂ ਸਾਨੂੰ ਇਹ ਵੀ ਨਹੀਂ ਪਤਾ। ਸਾਨੂੰ ਤਾਂ ਇਸ ਗੱਲ ਦਾ ਵੀ ਇਲਮ ਨਹੀਂ ਹੈ ਕਿ ਸਿੱਧੂ ਜੋੜੇ ਕੋਲੇ ਇੰਨੇ ਪੈਸੇ ਹਨ ਜਾਂ ਨਹੀਂ। ਅਸੀਂ ਇਸ ਗੱਲ ਦੀ ਵੀ ਹਾਮੀ ਨਹੀਂ ਭਰਦੇ ਕਿ ਸਿੱਧੂ ਉੱਤੇ 2017 ਦੀਆਂ ਚੋਣਾਂ ਵੇਲੇ ਕੌਂਸਲਰਾਂ ਨੂੰ ਟਿਕਟਾਂ ਵੇਚਣ ਦੇ ਦੋਸ਼ ਸੱਚੇ ਹਨ। ਨਵਜੋਤ ਕੌਰ ਨੇ ਇੱਕ ਬਿਆਨ ਨਾਲ ਪੰਜਾਬ ਕਾਂਗਰਸ ਦੇ ਚਾਰ ਵੱਡੇ ਨੇਤਾਵਾਂ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਪੇਟ ਲਿਆ। ਉਹਨਾਂ ਦੇ ਇਲਜ਼ਾਮਾਂ ਤੋਂ ਤਾਂ ਇੰਝ ਲੱਗਦਾ ਹੈ ਕਿ ਹੁਣ ਤੱਕ ਦੇ ਕਾਂਗਰਸ ਦੇ ਸਾਰੇ ਮੁੱਖ ਮੰਤਰੀ 5 ਸੌ ਕਰੋੜ ਦੇ ਕੇ ਹੀ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਪਾਉਣ ਜੋਗੇ ਹੋਏ ਸਨ। ਸੁਖਜਿੰਦਰ ਸਿੰਘ ਰੰਧਾਵਾ ਉੱਤੇ ਉਹਨਾਂ ਨੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਹੁੰਦਿਆਂ ਟਿਕਟਾਂ ਵੇਚਣ ਦੇ ਦੋਸ਼ ਲਾਏ ਹਨ। ਸੁਖਜਿੰਦਰ ਸਿੰਘ ਰੰਧਾਵਾ ਉੱਤੇ ਲੱਗੇ ਇਲਜ਼ਾਮ ਆਮ ਬੰਦੇ ਦੇ ਦਿਲ ਨੂੰ ਨਹੀਂ ਲੱਗਦੇ ਹਨ, ਜਿਸ ਕਰਕੇ ਉਹਨਾਂ ਨੇ ਡਾਕਟਰ ਨਵਜੋਤ ਕੌਰ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ ਹੈ।। ਨੋਟਿਸ ਬਾਰੇ ਬੀਤੇ ਦਿਨੀਂ ਇੱਕ ਚੈਨਲ ਨੂੰ ਦਿੱਤੇ ਗਏ ਬਿਆਨ ਬਾਰੇ ਲਿਖ ਦਿੱਤਾ ਗਿਆ, ਜਿਸ ਵਿੱਚ ਉਹਨਾਂ ਕਿਹਾ ਸੀ ਕਿ ਰੰਧਾਵਾ ਦੇ ਗੈਂਗਸਟਰਾਂ ਨਾਲ ਲਿੰਕ ਹਨ, ਇਸ ਦੇ ਨਾਲ ਹੀ ਡਾਕਟਰ ਨਵਜੋਤ ਕੌਰ ਨੇ ਇਹ ਵੀ ਦੋਸ਼ ਲਾਇਆ ਸੀ ਕਿ ਉਹਨਾਂ ਰਾਜਸਥਾਨ ਵਿੱਚ ਕਾਂਗਰਸ ਨੂੰ ਹਰਾਇਆ। ਉਹਨਾਂ ਦੇ ਇਹਨਾਂ ਦੋਸ਼ਾਂ ਬਾਅਦ ਲੀਗਲ ਨੋਟਿਸ ਜਾਰੀ ਕਰਦੇ ਹੋਏ ਸਪੱਸ਼ਟ ਕੀਤਾ ਕਿ ਇਹ ਬਿਆਨ ਬੇਬੁਨਿਆਦ ਝੂਠਾ ਅਤੇ ਉਹਨਾਂ ਦੇ ਅਕਸ ਨੁਕਸਾਨ ਪਹੁੰਚਾਉਣ ਵਾਲਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਨਵਜੋਤ ਕੌਰ ਸੱਤ ਦਿਨਾਂ ਅੰਦਰ ਜਨਤਕ ਤੌਰ ’ਤੇ ਮਾਫੀ ਮੰਗਣ ਨਹੀਂ ਤਾਂ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਕਾਂਗਰਸ ਅੰਦਰ ਘਮਸਾਨ ਤਾਂ ਪੈ ਗਿਆ ਹੈ। ਪਹਿਲਾਂ ਤੋਂ ਚੱਲ ਰਿਹਾ ਖਿਲਾਰਾ ਕਿਵੇਂ ਸੰਭਲੂ ਇਹ ਕਿਸੇ ਦੇ ਪੱਲੇ ਨਹੀਂ ਪੈ ਰਿਹਾ ਹੈ।

ਇੱਕ ਗੱਲ ਪੱਕੀ ਹੈ ਕਿ ਨਵਜੋਤ ਕੌਰ ਸਿੱਧੂ ਨੇ ਜਿਹੜਾ ਬਿਆਨ ਦਿੱਤਾ ਹੈ ਉਹ ਪੰਜਾਬ ਦੀ ਸਿਆਸਤ ਦੇ ਆਲੇ ਦੁਆਲੇ ਜ਼ਰੂਰ ਘੁੰਮਦਾ ਹੈ। ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸੀਆਂ ਉੱਤੇ ਲਗਾਏ ਇਲਜ਼ਾਮ ਝੂਠੇ ਹੋ ਸਕਦੇ ਹਨ। ਪਰ ਆਪਾਂ ਇਹ ਕਹਿ ਲਈਏ ਕਿ ਸਿਆਸਤ ਵਿੱਚ ਠੱਗੀ ਨਹੀਂ ਚੱਲਦੀ ਜਾਂ ਸਿਆਸਤ ਵਿੱਚ ਤਾਕਤ ਅਤੇ ਪੈਸੇ ਦਾ ਬੋਲਬਾਲਾ ਨਹੀਂ ਹੈ ਤਾਂ ਸ਼ਾਇਦ ਮੈਂ ਤੁਹਾਡੇ ਨਾਲ ਇਥੇ ਆਪਣੇ ਆਪ ਨਾਲ ਝੂਠ ਬੋਲ ਰਿਹਾ ਹੋਵਾਂਗਾ। ਕੀ ਸਿਆਸਤਦਾਨ ਮੁੱਕਰ ਜਾਣਗੇ ਕਿ ਚੋਣ ਫੰਡ ਦੇ ਨਾਂ ’ਤੇ ਪਾਰਟੀਆਂ ਕਈ ਸੈਂਕੜੇ ਕਰੋੜਾਂ ਇਕੱਠੇ ਨਹੀਂ ਕਰਦੀਆਂ ਹਨ। ਕੀ ਅਸੀਂ ਇਹ ਜਾਣਦੇ ਹੋਏ ਵੀ ਮੁੱਕਰ ਜਾਵਾਂਗੇ ਕਿ ਸਰਕਾਰਾਂ ਤੋੜਨ ਲਈ ਅਤੇ ਸਰਕਾਰਾਂ ਬਣਾਉਣ ਲਈ ਵਿਧਾਇਕ ਖ਼ਰੀਦੇ ਜਾਂਦੇ ਹਨ। ਅਸੀਂ ਇਸ ਗੱਲ ਤੋਂ ਵੀ ਇੰਨਕਾਰੀ ਹੋ ਜਾਵਾਂਗੇ ਕਿ ਕੌਂਸਲ ਦੇ ਪ੍ਰਧਾਨ ਜਾਂ ਨਗਰ ਨਿਗਮ ਦੇ ਮੇਅਰ ਦੀ ਚੋਣ ਲਈ ਕੌਂਸਲਰਾਂ ਦੀ ਖ਼ਰੀਦੋ ਫਰੋਖਤ ਚਲਦੀ ਹੈ। ਅਸੀਂ ਉਹ ਜਾਣਦੇ ਹੋਇਆਂ ਵੀ ਕਾਗਜ਼ ਦੇ ਸੀਨੇ ਉੱਤੇ ਨਹੀਂ ਲਿਖਾਂਗੇ ਕਿ ਮੁੱਖ ਮੰਤਰੀ ਦੀ ਚੋਣ ਇਥੋਂ ਤੱਕ ਕਿ ਨਗਰ ਨਿਗਮ ਦੇ ਮੇਅਰ ਦੀ ਚੋਣ ਵੇਲੇ ਵਿਧਾਇਕ ਜਾਂ ਕੌਂਸਲਰ ਪਹਾੜਾਂ ਦੇ ਮਹਿੰਗੇ ਹੋਟਲਾਂ ਦੇ ਕਮਰਿਆਂ ਵਿੱਚ ਲੁਕੋਅ ਲਏ ਜਾਂਦੇ ਹਨ। ਸੱਚ ਤਾਂ ਇਹ ਵੀ ਹੈ ਕਿ ਚੋਣਾਂ ਦੇ ਦਿਨਾਂ ਵਿੱਚ ਸ਼ੱਕੀ ਵਿਧਾਇਕਾਂ ਜਾਂ ਕੌਂਸਲਰਾਂ ਦੇ ਫੋਨ ਰਿਕਾਰਡਿੰਗ ਉੱਤੇ ਲਾ ਲਏ ਜਾਂਦੇ ਹਨ ਜਾਂ ਫਿਰ ਉਹਨਾਂ ਤੋਂ ਫੋਨ ਹੀ ਲੈ ਲਏ ਜਾਂਦੇ ਹਨ। ਹੁਣ ਤਾਂ ਚੋਣਾਂ ਦੇ ਦਿਨ ਹੀ ਵਿਧਾਇਕਾਂ ਅਤੇ ਕੌਂਸਲਰਾਂ ਦੇ ਘਰਾਂ ਮੂਹਰੇ ਚੌਕੀਦਾਰ ਵੀ ਬਿਠਾਏ ਜਾਣ ਲੱਗੇ ਹਨ, ਉਹਨਾਂ ਦੇ ਘਰ ਆਉਣ ਜਾਣ ਵਾਲੇ ਹਰ ਬੰਦੇ ਉੱਤੇ ਨਜ਼ਰ ਰੱਖੀ ਜਾ ਸਕੇ।

ਨਵਜੋਤ ਕੌਰ ਸਿੱਧੂ ਨੇ ਗੱਲ ਸਿਰਫ ਕਾਂਗਰਸ ਪਾਰਟੀ ਦੀ ਕੀਤੀ ਹੈ। ਪਰ ਇਸ ਹਜਾਮ ਵਿੱਚ ਸਾਰੇ ਨੰਗੇ ਹਨ। ਸਿਆਸੀ ਪਾਰਟੀਆਂ ਦੇ ਸੂਬਾ ਇੰਚਾਰਜ ਲੱਗਣ ਲਈ ਵੱਡੇ ਤੋਹਫੇ ਦਿੱਤੇ ਜਾਂਦੇ ਹਨ ਅਤੇ ਫਿਰ ਸੂਟਕੇਸ ਲਏ ਜਾਂਦੇ ਹਨ। ਟਿਕਟਾਂ ਦਾ ਹਿੱਸਾ ਪਾਰਟੀਆਂ ਦੇ ਸੂਬਾ ਇੰਚਾਰਜਾਂ ਦੇ ਘਰੇ ਵੀ ਪੁੱਜਦਾ ਹੈ। ਸਰਕਾਰਾਂ ਪੁਰਾਣੀਆਂ ਰਹੀਆਂ ਹੋਣ ਜਾਂ ਨਵੀਂ ਪਾਰਟੀ ਹਾਈ ਕਮਾਂਡ ਜਾਂ ਫਿਰ ਵੱਡੇ ਲੀਡਰਾਂ ਦੀ ਆਓ ਭਗਤ ਲਈ ਸਰਕਾਰੀ ਜਹਾਜ਼ ਉੱਡਦੇ ਹਨ। ਹੋਰ ਤਾਂ ਹੋਰ ਪਹਿਲਾਂ ਵਿਧਾਇਕ ਦੀ ਟਿਕਟ ਲੈਣ ਲਈ ਸੂਟਕੇਸ ਦਿਖਾਉਣਾ ਪੈਂਦਾ ਹੈ। ਉਸ ਤੋਂ ਬਾਅਦ ਵਜ਼ਾਰਤ ਲਈ ਤਾਂ ਉਸ ਤੋਂ ਵੀ ਵੱਡਾ ਅਟੈਚੀ ਚੁੱਕਣਾ ਪੈਂਦਾ ਹੈ। ਦੁੱਖ ਤਾਂ ਇਹ ਹੈ ਕਿ ਅਟੈਚੀ ਵਿੱਚ ਪਾ ਕੇ ਉੱਤੇ ਪੈਸਿਆਂ ਦੇ ਬਦਲੇ ਘਰਾਂ ਨੂੰ ਬੋਰੇ ਭਰ ਕੇ ਲਿਆਏ ਜਾਂਦੇ ਹਨ। ਘਰਾਂ ਦੀਆਂ ਅਲਮਾਰੀਆਂ ਪੈਸੇ ਨਾਲ ਬੁਕੀਆਂ ਰਹਿੰਦੀਆਂ ਹਨ। ਆਪਾਂ ਅਖ਼ਬਾਰਾਂ ਵਿੱਚ ਛਪੀਆਂ ਖਬਰਾਂ ਕਿਵੇਂ ਭੁੱਲ ਜਾਈਏ ਕਿ ਪਿੱਛੇ ਜਿਹੇ ਸਿਆਸੀ ਲੀਡਰਾਂ ਦੇ ਘਰੋਂ ਈਡੀ ਨੂੰ ਬਰਾਮਦ ਹੋਏ ਪੈਸੇ ਗਿਣਨ ਲਈ ਮਸ਼ੀਨਾਂ ਮੰਗਵਾਉਣੀਆਂ ਪਈਆਂ ਸਨ। ਪੰਜਾਬ ਦੇ ਕਿੰਨੇ ਕਾਂਗਰਸੀ ਅਤੇ ਮੌਜੂਦਾ ਪਾਰਟੀ ਦੇ ਕੁਝ ਵਿਧਾਇਕ ਸਿੱਖ ਸਾਬਕਾ ਮੰਤਰੀ ਭਰਿਸ਼ਟਾਚਾਰ ਦੇ ਦੋਸ਼ ਅੰਦਰ ਜੇਲ੍ਹ ਦੀਆਂ ਰੋਟੀਆਂ ਖਾ ਕੇ ਆਏ ਹਨ। ਚੋਣਾਂ ਉੱਤੇ ਐਵੇਂ ਨਹੀਂ 10 ਤੋਂ 15 ਕਰੋੜ ਪਏ ਖ਼ਰਚੇ ਜਾਣ ਲੱਗੇ ਹਨ। ਹੁਣ ਤਾਂ ਵਿਧਾਨ ਸਭਾ ਦੇ ਛੋਟੇ ਜਿਹੇ ਹਲਕੇ ਦੀ ਚੋਣ ਵੀ ਕਰੋੜਾਂ ਨੂੰ ਪੈਣ ਲੱਗੀ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਖ਼ਰਚੇ ਦੀ ਮਿੱਥੀ ਮਿਆਦ ਦੀ ਪਰਵਾਹ ਕੌਣ ਕਰਦਾ ਹੈ। ਦਾਰੂ ਸਿੱਕਾ ਰੱਜ ਕੇ ਚੱਲਦਾ ਹੈ। ਚੋਣ ਉੱਤੇ 10-15 ਕਰੋੜ ਖਰਚਣ ਵਾਲਾ ਪੰਜ ਸਾਲਾਂ ਵਿੱਚ ਇਸ ਨੂੰ ਸੈਂਕੜਿਆਂ ਨਹੀਂ ਹਜ਼ਾਰਾਂ ਨਾਲ ਮਲਟੀਪਲਾਈ ਕਰਕੇ ਆਪਣਾ ਖਜ਼ਾਨਾ ਮਾਲੋ ਮਾਲ ਕਰ ਲੈਂਦਾ ਹੈ। ਪੈਸੇ ਦੇ ਇਸ ਚਲਦੇ ਅਦਾਨ ਪ੍ਰਦਾਨ ਦਾ ਕੋਈ ਕਿਸੇ ਕੋਲ ਸਬੂਤ ਨਹੀਂ ਪਰ ਅਸੀਂ ਇਸ ਗੱਲ ਤੋਂ ਵੀ ਨਹੀਂ ਮੁੱਕਰ ਸਕਦੇ ਕਿ ਅੱਜ ਇਹ ਹਰ ਵੋਟਰ ਦੇ ਬੁੱਲਾਂ ਉੱਤੇ ਨਹੀਂ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਸੱਥਾਂ ਵਿੱਚ ਇਹ ਸਾਰਾ ਕੁਝ ਮਿਥਿਆ ਨਹੀਂ ਜਾ ਰਿਹਾ ਹੈ। ਮੁੱਕਰਿਆ ਇਸ ਗੱਲ ਤੋਂ ਵੀ ਨਹੀਂ ਜਾ ਸਕਦਾ ਕਿ ਸਿਆਸੀ ਪਾਰਟੀਆਂ ਇੱਕ ਦੂਜੇ ਉੱਤੇ ਅਜਿਹੇ ਦੋਸ਼ ਨਹੀਂ ਲਾਉਂਦੀਆਂ ਹਨ। ਨਵਜੋਤ ਕੌਰ ਦੇ ਇਲਜ਼ਾਮ ਕਰਕੇ ਕੌਮੀ ਅਖ਼ਬਾਰਾਂ ਦੀਆਂ ਸੁਰਖੀਆਂ ਬਣੇ ਹਨ ਕਿਉਂਕਿ ਉਹ ਇੱਕ ਵੱਡੀ ਸਿਆਸੀ ਅਤੇ ਮਨੋਰੰਜਨ ਖੇਤਰ ਦੀ ਸ਼ਖਸੀਅਤ ਦੀ ਪਤਨੀ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਵੱਲੋਂ ਆਪਣੀ ਪਾਰਟੀ ਉੱਤੇ ਇਹ ਇਲਜ਼ਾਮ ਲਾਏ ਗਏ ਹਨ।

ਗੱਲ ਇੱਥੇ ਹੀ ਨਹੀਂ ਮੁੱਕਦੀ ਅਸਲ ਵਿੱਚ ਕੁਰੱਪਸ਼ਨ ਤਾਂ ਵੋਟਰਾਂ ਤੋਂ ਸ਼ੁਰੂ ਹੋ ਜਾਂਦੀ ਹੈ। ਵੋਟਾਂ ਲੈਣ ਲਈ ਅੱਜ ਕੱਲ ਵੋਟਰਾਂ ਨੂੰ ਸਰਕਾਰ ਚੋਗਾ ਪਾਉਣ ਲੱਗੀ ਹੈ। ਉਸ ਤੋਂ ਪਹਿਲਾਂ ਚੋਣ ਲੜਨ ਵੇਲੇ ਵੋਟਰਾਂ ਦੇ ਘਰੀਂ ਬੰਡਲ ਪਹੁੰਚਾਏ ਜਾਂਦੇ ਹਨ। ਕਈਆਂ ਦੇ ਘਰੇ ਦਾਣਿਆਂ ਦੇ ਬੋਰੇ ਸੁੱਟ ਜਾਂਦੇ ਹਨ। ਹੁਣ ਤਾਂ ਗੱਲ ਵਾਹਨ ਤੱਕ ਪੁੱਜ ਗਈ ਹੈ। ਵੋਟਰ ਵੀ ਇਹ ਸੋਚਣ ਲੱਗੇ ਹਨ ਕਿ ਪੰਜ ਸਾਲ ਤਾਂ ਸਿਆਸਤਦਾਨਾਂ ਨੇ ਲੁੱਟਣਾ ਹੋਇਆ ਹੁਣ ਵੇਲਾ ਹੈ ਇਹਨਾਂ ਕੋਲੋਂ ਜੋ ਲਿਆ ਜਾ ਸਕਦਾ ਹੈ ਉਹੀ ਲਾਹੇ ਦਾ ਮੰਨਿਆ ਜਾਵੇ। ਵੱਖਰੀ ਗੱਲ ਹੈ ਕਿ ਅਸੀਂ ਹਾਲੇ ਤੱਕ ਵੋਟਰਾਂ ਨੂੰ ਦਿੱਤੇ ਜਾਣ ਵਾਲੇ ਛੋਟੇ ਵੱਡੇ ਤੋਹਫ਼ਿਆਂ ਨੂੰ ਕੁਰੱਪਸ਼ਨ ਨਹੀਂ ਮੰਨਿਆ ਹੈ। ਮੈਨੂੰ ਤਾਂ ਇਹ ਵੀ ਸਿਆਸਤਦਾਨਾਂ ਦੀ ਇਕ ਚਤੁਰਾਈ ਲੱਗਦੀ ਹੈ ਕਿ ਉਹ ਵੋਟਾਂ ਬਦਲੇ ਨੋਟ ਦੇ ਕੇ ਵੋਟਰਾਂ ਦਾ ਮੂੰਹ ਬੰਦ ਕਰਨ ਲੱਗੇ ਹਨ।

ਸਿਆਸਤ ਠੱਗੀ ਦਾ ਧੰਦਾ ਬਣ ਕੇ ਰਹਿ ਗਿਆ ਹੈ। ਸਿਆਸਤ ਕੁਰੱਪਸ਼ਨ ਦਾ ਦੂਜਾ ਨਾਂ ਕਿਹਾ ਜਾਣ ਲੱਗਿਆ ਹੈ। ਰਾਜਨੀਤੀ ਅਤੇ ਝੂਠ ਨੂੰ ਇੱਕ ਦੂਜੇ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਸੀਂ ਸਾਰੇ ਇਸ ਵਿੱਚ ਏਨੇ ਲਿਪਤ ਹੋ ਗਏ ਤਾਂ ਕਿ ਸਾਨੂੰ ਇਹ ਰੁਟੀਨ ਲੱਗਣ ਲੱਗਾ ਹੈ। ਇਹ ਕੁਝ ਕਿਸੇ ਕੌਮ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਕਾਫ਼ੀ ਹੈ।



ਵਿੰਕਲਜੀਤ ਸਿੰਘ ਸਰਾ
9501477889

# ਸਿੱਖੀ ਦਾ ਰੁਤਬਾ ਮੁਫ਼ਤ ਨਹੀਂ ਮਿਲਿਆ, ਅਰਦਾਸ ਤੋਂ ਬੇਮੁਖੀ ਅਤੇ ‘ਲੰਗਰ ਤੱਕ ਸੀਮਤ’ ਮੱਤ ਦਾ ਸੰਕਟ

## 328 ਸਰੂਪਾਂ ਦਾ ਗੁੰਮ ਹੋਣਾ, ਗੁਰੂਆਂ ਦੀਆਂ ਕੁਰਬਾਨੀਆਂ ’ਤੇ ਭਾਰੀ ਪੈਂਦੀ ਅੰਦਰੂਨੀ ਲਾਚਾਰੀ ਅਤੇ ਅਰਦਾਸ ਦਾ ਅਰਥਹੀਣ ਹੋ ਜਾਣਾ

ਸਿੱਖ ਕੌਮ ਦਾ ਇਤਿਹਾਸ ਦੁਨੀਆਂ ਦੇ ਸਭ ਤੋਂ ਕੁਰਬਾਨੀ ਭਰੇ ਅਧਿਆਵਾਂ ਵਿੱਚੋਂ ਇੱਕ ਹੈ। ਸਿੱਖੀ ਦਾ ਇਹ ਰੁਤਬਾ, ਇਹ ਮਾਣ, ਇਹ ਅਜ਼ਾਦੀ ਸਾਨੂੰ ਤੋਹਫ਼ੇ ਵਜੋਂ ਨਹੀਂ ਮਿਲੀ। ਇਸ ਲਈ ਸਾਡੇ ਗੁਰੂ ਸਾਹਿਬਾਨ ਅਤੇ ਗੁਰੂ ਦੇ ਪਿਆਰਿਆਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

**ਗੌਰਵਮਈ ਅਤੀਤ**: ਲਹੂ ਨਾਲ ਸਿੰਜਿਆ ਸਿੱਖੀ ਦਾ ਰੁਤਬਾ : ਸਾਡੇ ਵੱਡਿਆਂ ਨੇ **‘ਦੇਗ, ਤੇਗ, ਫ਼ਤਹਿ’** ਦਾ ਸੰਕਲਪ ਕਾਇਮ ਰੱਖਣ ਲਈ ਆਪਣਾ ਸੁੱਖ, ਚੈਨ, ਪਰਿਵਾਰ ਅਤੇ ਲਹੂ ਤੱਕ ਵਾਰ ਦਿੱਤਾ।

**ਮਹਾਨ ਕੁਰਬਾਨੀਆਂ ਦੀ ਦਾਸਤਾਨ**: ਪੰਜਵੇਂ ਪਾਤਸ਼ਾਹ: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤਵੀਆਂ ’ਤੇ ਬੈਠ ਕੇ **‘ਤੇਰਾ ਭਾਣਾ ਮੀਠਾ ਲਾਗੇ’** ਦਾ ਸਿਧਾਂਤ ਦਿੱਤਾ। **ਨੌਵੇਂ ਪਾਤਸ਼ਾਹ ਅਤੇ ਧਰਮ ਦੀ ਰਾਖੀ**: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨਾ ਸਿਰਫ਼ ਸਿੱਖੀ ਲਈ, ਸਗੋਂ ਦੂਸਰੇ ਧਰਮ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹਾਦਤ ਦਿੱਤੀ ਤੇ ਅੱਜ ਅਸੀਂ ਆਪਣੀ ਕੌਮ ਦੇ ਧਰਮ ਦੀ ਰੱਖਿਆ ਕਰਨ ਤੋਂ ਵੀ ਅਪਾਹਜ ਹੋ ਗਏ ਹਾਂ।

**ਗੁਰੂ ਕੇ ਲਾਲ**: ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਦਿੱਤਾ।

**ਕੌਮੀ ਜਰਨੈਲ**: ਭਾਈ ਮਤੀ ਦਾਸ ਜੀ ਨੂੰ ਆਰਿਆਂ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ ਗਿਆ। ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ।

**ਵੱਡੇ ਸਾਕੇ**: ਇਹ ਉਹ ਕੌਮ ਹੈ ਜਿਸ ਦੇ ਯੋਧਿਆਂ ਨੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ ਅਤੇ ਚਰਖੜੀਆਂ ’ਤੇ ਚਾੜ੍ਹਿਆ ਗਿਆ।

**ਇਤਿਹਾਸ ਦਾ ਸੱਚ**: ਸਾਡਾ ਇਤਿਹਾਸ ਕੁਰਬਾਨੀਆਂ ਨਾਲ ਇੰਨਾ ਭਰਿਆ ਪਿਆ ਹੈ ਕਿ ਇਸ ਨੂੰ ਸੁਣਨ ਲਈ ਵੀ ਬਹੁਤ ਵੱਡਾ ਜਿਗਰਾ ਚਾਹੀਦਾ ਹੈ।

**ਅੰਦਰੂਨੀ ਦੁਸ਼ਮਣ ਦੀ ਚਿਤਾਵਨੀ** : ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਪਹੁੰਚੇ ਤਾਂ ਉਸ ਸਮੇਂ ਚਾਰੋਂ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਹਜ਼ੂਰ ਨੇ ਆਪਣਾ ਤੀਰ ਚਲਾਇਆ। ਉਹ ਤੀਰ ਬਹੁਤ ਸਾਰੇ ਲੋਕਾਂ ਨੂੰ ਵਿੰਨ੍ਹਦਾ ਹੋਇਆ ਕਮਾਨ ਵਿੱਚ ਵਾਪਸ ਆ ਗਿਆ। ਦੂਜੀ ਵਾਰ ਫਿਰ ਇਵੇਂ ਹੀ ਹੋਇਆ। ਜਦੋਂ ਤੀਸਰੀ ਵਾਰ ਹਜ਼ੂਰ ਤੀਰ ਚੜ੍ਹਾਉਣ ਲੱਗੇ, ਤਾਂ ਭਾਈ ਦਇਆ ਸਿੰਘ ਜੀ ਹੱਥ ਜੋੜ ਕੇ ਖਲ੍ਹੋ ਗਏ ਅਤੇ ਪੁੱਛਿਆ ਕਿ ਜੇ ਸਾਡੇ ਕੋਲ ਏਨੀ ਤਾਕਤ ਸੀ ਤਾਂ ਅਸੀਂ ਸਾਰਾ ਪਰਿਵਾਰ ਤੇ ਸਿੰਘ ਕਿਉਂ ਸ਼ਹੀਦ ਕਰਵਾਏ ? ਜਵਾਬ ਵਿੱਚ ਗੁਰੂ ਸਾਹਿਬ ਨੇ ਫੁਰਮਾਇਆ ਕਿ ਇਹ ਵੀ ਜੋ ਹੋਇਆ ਹੈ ਉਹ ਗਲਤ ਹੋਇਆ ਹੈ। ਭਾਈ ਦਇਆ ਸਿੰਘ ਜੀ ਦੇ ਹੋਰ ਪੁੱਛਣ ’ਤੇ ਹਜ਼ੂਰ ਨੇ ਦੱਸਿਆ ਕਿ ਇਹ ਤੀਰ ਜਿਨ੍ਹਾਂ ਜਿਨ੍ਹਾਂ ਨੂੰ ਮਾਰ ਕੇ ਆਇਆ ਹੈ, ਉਹ ਸਿੱਖ ਕੌਮ ਵਿੱਚ ਪੈਦਾ ਹੋਣਗੇ, ਪਰ ਹੋਣਗੇ ਸਿੱਖਾਂ ਦੇ ਦੁਸ਼ਮਣ। ਅੱਜ ਦੇ ਹਲਾਤਾਂ ਨੂੰ ਦੇਖ ਕੇ ਇਹ ਕਹਾਣੀ ਸੱਚ ਲੱਗਦੀ ਹੈ। ਇਹ ਚਿਤਾਵਨੀ ਦਿੰਦੀ ਹੈ ਕਿ ਕੌਮ ਨੂੰ ਬਾਹਰਲੇ ਦੁਸ਼ਮਣ ਨਾਲੋਂ ਵੱਧ ਅੰਦਰੂਨੀ ਗੱਦਾਰਾਂ ਤੋਂ ਖ਼ਤਰਾ ਹੈ। ਇਹ ਸਿੱਖੀ ਦੇ ਰੂਪ ਵਿੱਚ ਸਿੱਖ ਕੌਮ ਦੇ ਅੰਦਰ ਹੀ ਪੈਦਾ ਹੋਏ ਉਹ ਲੋਕ ਹਨ ਜੋ ਆਪਣੀਆਂ ਨਿੱਜੀ ਸਵਾਰਥਾਂ ਲਈ ਕੌਮ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੇ ਹਨ। 328 ਸਰੂਪਾਂ ਦਾ ਗੁੰਮ ਹੋਣਾ ਇਸ ਅੰਦਰੂਨੀ ਖੋਰ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

**ਅਰਦਾਸ ਦੀ ਅਣਸੁਣੀ ਆਵਾਜ਼**: ਕੀ ਸਾਡੀ ਮੱਤ ਸਿਰਫ਼ ‘ਲੰਗਰ’ ਤੱਕ ਸੀਮਤ ਰਹਿ ਗਈ ਹੈ ? ਅਸੀਂ ਹਰ ਰੋਜ਼ ਸਵੇਰੇ-ਸ਼ਾਮ ਗੁਰੂ ਘਰਾਂ ਵਿੱਚ ਅਰਦਾਸ ਕਰਦੇ ਹਾਂ ਜਿਸ ਵਿੱਚ ਅਸੀਂ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ। ਪਰ ਸਾਨੂੰ ਲੱਗਦਾ ਹੈ ਕਿ ਅਸੀਂ ਉਹ ਅਰਦਾਸ ਸਿਰਫ਼ ਸੁਣਦੇ ਹਾਂ ਸਮਝਦੇ ਨਹੀਂ। ਜਦੋਂ ਅਸੀਂ ਅਰਦਾਸ ਵਿੱਚ ਇੰਨੀ ਮਹਾਨ ਕੁਰਬਾਨੀ ਦਾ ਜ਼ਿਕਰ ਕਰਨ ਤੋਂ ਬਾਅਦ ਆਪਣੇ ਗੁਰੂ ਦੇ 328 ਸਰੂਪਾਂ ਦੀ ਸੰਭਾਲ ਵੀ ਨਹੀਂ ਕਰ ਸਕਦੇ ਅਤੇ ਆਪਣੇ ਮਸਲੇ ਥਾਣੇ-ਕਚਹਿਰੀਆਂ ਵਿੱਚ ਲੈ ਕੇ ਜਾਂਦੇ ਹਾਂ ਤਾਂ ਇਹ ਅਰਦਾਸ ਦਾ ਸਭ ਤੋਂ ਵੱਡਾ ਮਖੌਲ ਹੈ।

**ਸੀਮਤ ਮੱਤ ਦਾ ਸੰਕਟ**: ਕੀ ਸਾਡੀ ਸੇਵਾ ਦੀ ਭਾਵਨਾ ਅਤੇ ਮੱਤ ਸਿਰਫ਼ ਲੰਗਰ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ? ਕੀ ਅਸੀਂ ਸੇਵਾ ਨੂੰ ਰੋਟੀ ਖਿਲਾਉਣ ਤੱਕ ਸਮਝਦੇ ਹਾਂ ਪਰ ਗੁਰੂ ਦੀ ਮਰਿਆਦਾ, ਕੌਮੀ ਇਨਸਾਫ਼ ਅਤੇ ਪ੍ਰਬੰਧਕੀ ਸਿਧਾਂਤਾਂ ਦੀ ਰੱਖਿਆ ਦੀ ਸੇਵਾ ਨੂੰ ਭੁੱਲ ਗਏ ਹਾਂ?

**ਅਸਲੀ ਸੇਵਾ**: ਅਸਲੀ ਸੇਵਾ ਸਿਰਫ਼ ਸਰੀਰਕ ਨਹੀਂ ਨੈਤਿਕ ਅਤੇ ਬੌਧਿਕ ਵੀ ਹੁੰਦੀ ਹੈ। ਗ਼ੱਦਾਰਾਂ ਨੂੰ ਰਸਤਾ ਦਿਖਾਉਣਾ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣਾ ਅਤੇ ਕੌਮ ਨੂੰ ਇੱਕਮੁੱਠ ਕਰਨਾ ਇਹ ਵੀ ਸੇਵਾ ਹੈ।

**ਅਜੋਕਾ ਪਤਨ: ‘ਗੁਰੂ’ ਤੋਂ ‘ਪਾਰਟੀ’** ਤੱਕ ਦਾ ਸਫ਼ਰ : ਕੁਰਬਾਨੀਆਂ ਦੇ ਅਮੀਰ ਇਤਿਹਾਸ ਤੋਂ ਬਾਅਦ ਅੱਜ ਦੀ ਸਿੱਖ ਲੀਡਰਸ਼ਿਪ ਗੁਰੂ ਦੇ ਫਲਸਫੇ ਤੋਂ ਭਟਕ ਗਈ ਹੈ।

**ਵਿਚਾਰਧਾਰਕ ਤਬਦੀਲੀ**: ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਬਜਾਏ ਕਾਗਜ਼ੀ ਪੁਸਤਕ ਸਮਝ ਬੈਠੇ।

**ਸੇਵਾ ਦਾ ਰੂਪ ਬਦਲਣਾ**: ਨਿਰਸਵਾਰਥ ਸੇਵਾ ਦੀ ਥਾਂ ’ਤੇ ਕਮਾਈ (ਪੈਸਾ/ਲਾਭ) ਮੁੱਖ ਹੋ ਗਈ।

**ਪੰਥ ਦਾ ਸਿਆਸੀਕਰਨ**: ਪੰਥ ਦੀ ਏਕਤਾ ਅਤੇ ਸਰਬਉੱਚਤਾ ਦੀ ਥਾਂ ਪਾਰਟੀਬਾਜ਼ੀ ਨੇ ਲੈ ਲਈ। ਤਰਜੀਹਾਂ ਦਾ ਬਦਲਾਅ: ਗੁਰੂ ਦੀ ਰਖਵਾਲੀ ਦੀ ਥਾਂ ਅਹੁਦਾ, ਪੈਸਾ ਅਤੇ ਕੁਰਸੀ ਦੀ ਭੁੱਖ ਪਹਿਲ ਬਣ ਗਈ।

**ਵਰਤਮਾਨ ਦਾ ਦਰਦ**: ਲਾਚਾਰੀ ਅਤੇ ਚੌਧਰ ਦੀ ਭੁੱਖ : ਅੱਜ ਅਸੀਂ ਉਸੇ ਸਿੱਖ ਕੌਮ ਦੇ ਵਾਰਸ ਹਾਂ ਪਰ ਸਾਡਾ ਹਾਲ ਇਹ ਹੈ।

**ਕੁਰਸੀ ਦੀ ਭੁੱਖ**: ਅੱਜ ਅਸੀਂ ਸਾਰੇ **‘ਚੌਧਰ’** ਦੇ ਭੁੱਖੇ ਬਣ ਗਏ ਹਾਂ। ਹਰ ਕੋਈ ਲੀਡਰ ਬਣਨਾ ਚਾਹੁੰਦਾ ਹੈ ਸੇਵਾਦਾਰ ਨਹੀਂ।

**ਗ਼ੱਦਾਰਾਂ ਨੂੰ ਰਸਤਾ ਨਾ ਦਿਖਾਉਣਾ**: ਅਸੀਂ ਜਾਣਦੇ ਹਾਂ ਕਿ ਸਾਡੇ ਧਾਰਮਿਕ ਪ੍ਰਬੰਧਾਂ ਵਿੱਚ ਕੁਰਸੀਆਂ ਵਿਕੀਆਂ ਹਨ ਅਤੇ ਅਹੁਦੇਦਾਰ ਵਿਕੇ ਹਨ। ਪਰ ਅਸੀਂ ਸੰਗਤ ਵਜੋਂ ਇਨ੍ਹਾਂ ਵਿਕੇ ਹੋਏ ਅਤੇ ਗ਼ੱਦਾਰ ਅਹੁਦੇਦਾਰਾਂ ਨੂੰ ਬਾਹਰ ਦਾ ਰਸਤਾ ਕਿਉਂ ਨਹੀਂ ਦਿਖਾ ਸਕਦੇ ? ਇਹ ਸਾਡੀ ਅੰਦਰੂਨੀ ਲਾਚਾਰੀ ਦਾ ਸਭ ਤੋਂ ਵੱਡਾ ਸਬੂਤ ਹੈ।

**ਹੋਂਦ ਦਾ ਸੰਕਟ**: ਅੰਦਰੂਨੀ ਘੁਣ ਨੂੰ ਮਾਰੋ ! ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ: 328 ਸਰੂਪਾਂ ਦਾ ਗੁੰਮ ਹੋਣਾ ਉਸ ਸਿੱਖ ਕੌਮ ਦੀ ਸਮੂਹਿਕ ਨਲਾਇਕੀ ਦਾ ਪ੍ਰਤੀਬਿੰਬ ਹੈ ਜੋ ਆਪਣੀ ਹੋਂਦ ਗੁਆ ਰਹੀ ਹੈ।

**ਅਕਾਲ ਤਖ਼ਤ ਸਾਹਿਬ ਤੋਂ ਪੁਲਿਸ ਚੌਕੀ**: ਅੱਜ ਗੁਰੂ ਦੇ ਸਰੂਪਾਂ ਦਾ ਮਾਮਲਾ ਵੀ ਅਸੀਂ ਸਰਕਾਰੀ ਥਾਣਿਆਂ ਅਤੇ ਕਚਹਿਰੀਆਂ ਵਿੱਚ ਭੇਜ ਦਿੱਤਾ। ਇਹ ਸਾਡੇ ਗੁਰੂ ਦੀ ਸਿੱਖਿਆ ਤੋਂ ਨੈਤਿਕ ਪਤਨ ਦੀ ਸਿਖਰ ਹੈ।

**ਸਿੱਖੀ ਇਤਿਹਾਸ ਦਾ ਵਿਨਾਸ਼**: ਸਰੂਪਾਂ ਦਾ ਗੁੰਮ ਹੋਣਾ ਜਿਵੇਂ ਕਿ ਅਗਨੀ ਭੇਟ ਦੇ ਬਹਾਨੇ ਕਈ ਵਾਰ ਸਿੱਖੀ ਦਾ ਇਤਿਹਾਸ ਨਸ਼ਟ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਇਹ ਸਾਡੀ ਧਾਰਮਿਕ ਪ੍ਰਮਾਣਿਕਤਾ ਨੂੰ ਖ਼ਤਮ ਕਰ ਰਿਹਾ ਹੈ।

**ਜਾਗੋ ਅਤੇ ਇੱਕਮੁੱਠ ਹੋਵੋ !** ਕੁਰਬਾਨੀਆਂ ਦੇ ਵਾਰਸੋ, ਅੱਜ ਸਮਾਂ ਬਾਹਰਲੀਆਂ ਤਾਕਤਾਂ ਨਾਲ ਲੜਨ ਦਾ ਨਹੀਂ। ਤੁਹਾਨੂੰ ਘੁਣ ਅੰਦਰ ਹੀ ਲੱਗਾ ਹੋਇਆ ਹੈ।

**ਸਿੱਖ ਕੌਮ ਨੂੰ ਲਲਕਾਰ**: ਜਾਗੋ ! ਤੁਹਾਡਾ ਇਤਿਹਾਸ, ਤੁਹਾਡੀ ਮਰਿਆਦਾ ਅਤੇ ਤੁਹਾਡੇ ਗੁਰੂ ਦੇ ਪਾਵਨ ਸਰੂਪ ਨਸ਼ਟ ਕੀਤੇ ਜਾ ਰਹੇ ਹਨ। ਇਹ ਕਾਰਵਾਈਆਂ ਬਾਹਰੋਂ ਨਹੀਂ ਸਾਡੇ ਹੀ ਪ੍ਰਬੰਧਕਾਂ ਸਾਡੇ ਹੀ ਆਗੂਆਂ ਦੁਆਰਾ ਹੋ ਰਹੀਆਂ ਹਨ। ਆਪਣੇ ਅੰਦਰੋਂ ਇਸ ਘੁਣ ਨੂੰ ਮਾਰਨਾ ਸ਼ੁਰੂ ਕਰੋ!

**ਕਾਰਵਾਈ ਦੀ ਮੰਗ, ਇੱਕਮੁੱਠ ਹੋਣ ਦੀ ਲੋੜ ! ਗ਼ੱਦਾਰਾਂ ਦਾ ਬਾਈਕਾਟ**: ਕੌਮ ਨੂੰ ਚਾਹੀਦਾ ਹੈ ਕਿ ਉਹ ਕੁਰਸੀ ਦੀ ਭੁੱਖ ਵਿੱਚ ਗੁਰੂ ਨੂੰ ਵੇਚਣ ਵਾਲੇ ਸਾਰੇ ਆਗੂਆਂ ਅਤੇ ਅਹੁਦੇਦਾਰਾਂ ਦਾ ਸਮਾਜਿਕ ਅਤੇ ਧਾਰਮਿਕ ਬਾਈਕਾਟ ਕਰੇ।

**ਅਕਾਲ ਤਖ਼ਤ ਦੀ ਪੁਨਰ-ਸੁਰਜੀਤੀ**: ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਮੁੜ ਸਥਾਪਿਤ ਕਰੋ।

**ਇੱਕਮੁੱਠ ਦਾ ਸੰਕਲਪ**: ਸਿੱਖ ਕੌਮ ਨੂੰ ਜਾਤ-ਪਾਤ, ਪਾਰਟੀਬਾਜ਼ੀ ਅਤੇ ਚੌਧਰ ਦੀ ਲਾਲਸਾ ਨੂੰ ਛੱਡ ਕੇ ਇੱਕਜੁੱਟ ਹੋਣ ਦੀ ਲੋੜ ਹੈ। ਜੇ ਅਸੀਂ ਇੱਕ ਹੋ ਗਏ ਤਾਂ ਦੁਨੀਆ ਦੀ ਕੋਈ ਵੀ ਤਾਕਤ ਸਾਨੂੰ ਨਹੀਂ ਹਰਾ ਸਕਦੀ। ਜੇ ਸਾਡੇ ਵੱਡਿਆਂ ਨੇ ਧਰਮ ਦੀ ਰੱਖਿਆ ਲਈ ਆਪਣਾ ਲਹੂ ਡੋਲ੍ਹਿਆ ਤਾਂ ਅਸੀਂ ਕੀ ਕੁਰਸੀ ਦੀ ਭੁੱਖ ਵਿੱਚ ਗ੍ਰਸਤ ਗ਼ੱਦਾਰਾਂ ਨੂੰ ਪੰਥ ਵਿੱਚੋਂ ਬਾਹਰ ਕੱਢਣ ਲਈ ਵੀ ਤਿਆਰ ਨਹੀਂ ਹਾਂ ? ਸਿੱਖ ਕੌਮ ਨੂੰ ਅੱਜ ਅੰਦਰੂਨੀ ਇਨਕਲਾਬ ਦੀ ਲੋੜ ਹੈ। ਘੁਣ ਨੂੰ ਮਾਰਨਾ ਸ਼ੁਰੂ ਕਰੋ!

# ਭਾਰਤ ਲਈ ਉੱਚ ਸਿੱਖਿਆ- ਵਧਦੀਆਂ ਚੁਣੌਤੀਆਂ





**ਗੁਰਮੀਤ ਸਿੰਘ ਪਲਾਹੀ**

ਸਮੇਂ-ਸਮੇਂ 'ਤੇ ਦੇਸ਼ ਭਾਰਤ ਵਿੱਚ ਸਿੱਖਿਆ ਨੀਤੀ ਬਨਾਉਣ ਅਤੇ ਲਾਗੂ ਕਰਨ ਦਾ ਯਤਨ ਹੋਇਆ। ਇਹਨਾਂ ਵਿੱਚ ਉੱਚ ਸਿੱਖਿਆ ਲਈ ਵੱਡੇ ਦਾਈਏ ਸਿਰਜੇ ਗਏ, ਪਰ ਉੱਚ ਸਿੱਖਿਆ ਕਦੇ ਵੀ ਨੌਜਵਾਨਾਂ ਦੇ ਹਾਣ ਦੀ ਨਾ ਹੋ ਸਕੀ। ਇਹ ਸਿੱਖਿਆ ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਕਮੀ, ਸਿੱਖਿਆ ਦੇ ਅਸਲ ਸੰਕਲਪ ਤੋਂ ਦੂਰੀ ਕਾਰਨ ਸਮੇਂ ਦੀ ਭੇਂਟ ਚੜ੍ਹਦੀ ਰਹੀ ਅਤੇ ਹੁਣ ਨਵੀਂ ਸਿੱਖਿਆ ਨੀਤੀ ਵੀ ਹਾਲੋਂ ਬੇਹਾਲ ਹੈ। ਦੇਸ਼ ਭਰ ਦੇ 31ਫੀਸਦੀ ਵਿਦਿਆਰਥੀਆਂ ਦੇ ਨਾਲ-ਨਾਲ ਸੂਬਿਆਂ ਦੀਆਂ ਉੱਚ ਸਿੱਖਿਆ ਸੰਸਥਾਵਾਂ, ਗੁਣਵੱਤਾ, ਬੁਨਿਆਦੀ ਸੁਵਿਧਾਵਾਂ ਦੀ ਘਾਟ ਨਾਲ ਦਸਤਪੰਜਾ ਲੈ ਰਹੀਆਂ ਹਨ।

ਕੀ ਇਹੋ ਜਿਹੇ ਹਾਲਾਤਾਂ ਵਿਚ ਬਦਹਾਲ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿਚ ਉਦੋਂ ਤੱਕ ਬੁਨਿਆਦੀ ਤਬਦੀਲੀ ਲਿਆਉਣੀ ਸੋਚੀ ਜਾ ਸਕਦੀ ਹੈ, ਜਦੋਂ ਤੱਕ ਸਰਕਾਰਾਂ ਸਿੱਖਿਆ ਦੇ ਵਪਾਰੀਕਰਨ ਨਿੱਜੀਕਰਨ ਨਾਲ ਉਤਪੋਤ ਹੋ ਕੇ ਸਭ ਲਈ ਬਰਾਬਰ ਦੀ ਸਿੱਖਿਆ ਦਾ ਫ਼ਰਜ਼ ਨਿਭਾਉਣ ਲਈ ਅੱਗੇ ਨਹੀਂ ਆਉਂਦੀਆਂ।

ਆਲ ਇੰਡੀਆ ਹਾਇਰ ਐਜੂਕੇਸ਼ਨ ਸਰਵੇਖਣ 2020-21 ਅਨੁਸਾਰ ਦੇਸ਼ ਵਿਚ ਕੁਲ 1113 ਯੂਨੀਵਰਸਿਟੀਆਂ ਹਨ, ਜਿਹਨਾਂ ਵਿਚੋਂ 235 ਕੇਂਦਰੀ ਅਤੇ 422 ਸੂਬਾ ਸੰਚਾਲਿਤ ਯੂਨੀਵਰਸਿਟੀਆਂ ਸਹਿਤ 657 ਸਰਕਾਰੀ ਯੂਨੀਵਰਸਿਟੀਆਂ ਹਨ, 10 ਨਿੱਜੀ ਡੀਮਡ ਯੂਨੀਵਰਸਿਟੀਆਂ ਅਤੇ 446 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਦੇਸ਼ ਵਿੱਚ 43796 ਕਾਲਜ ਅਤੇ 11296 'ਸਟੈਂਡ ਅਲੋਨ' ਸਿੱਖਿਆ ਸੰਸਥਾਵਾਂ ਹਨ।

ਉੱਚ ਸਿੱਖਿਆ ਦੇ ਹਾਲਾਤ ਵੇਖੋ : ਭਾਰਤ ਵਿਚ 18 ਤੋਂ 23 ਸਾਲ ਉਮਰ ਵਰਗ ਦੀ ਇੱਕ ਲੱਖ ਅਬਾਦੀ ਉੱਤੇ ਇੱਕੀ ਕਾਲਜ ਹਨ। ਇਹਨਾਂ ਵਿਚੋਂ 21.4 ਸਰਕਾਰੀ ਕਾਲਜ, 13.6 ਫੀਸਦੀ ਨਿੱਜੀ ਸਹਾਇਤਾ ਪ੍ਰਾਪਤ ਕਾਲਜ ਅਤੇ 65ਫੀਸਦੀ ਗੈਰ ਸਹਾਇਤਾ ਪ੍ਰਾਪਤ ਕਾਲਜ ਹਨ। ਲਗਭਗ 61.4 ਫੀਸਦੀ ਕਾਲਜ ਪੇਂਡੂ ਖੇਤਰ ਵਿਚ ਅਤੇ 10.5 ਫੀਸਦੀ ਔਰਤਾਂ ਦੇ ਕਾਲਜ ਹਨ।

ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਰਾਜਸਥਾਨ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਦੇਸ਼ ਦੇ ਕੁਲ ਜੀ.ਈ.ਆਰ. (ਗਰੌਸ ਇਨਰੋਲਮੈਂਟ ਰੇਸ਼ੋ) 53.17ਫੀਸਦੀ ਹੈ, ਬਾਕੀ ਸਭ ਥੱਲੇ ਹਨ।

ਹਰ ਵੇਰ ਜਦੋਂ ਨਵੀਂ ਸਿੱਖਿਆ ਨੀਤੀ ਬਣਦੀ ਹੈ, ਭਾਵੇਂ ਉਹ ਅਜ਼ਾਦੀ ਤੋਂ ਬਾਅਦ ਪਹਿਲੋ-ਪਹਿਲ 1968 ਵਿੱਚ ਬਣੀ ਜਾਂ ਮੁੜ ਕੇ 1986 ਵਿਚ ਤਿਆਰ ਕੀਤੀ ਗਈ ਅਤੇ ਹੁਣ ਫਿਰ ਰਾਸ਼ਟਰੀ ਸਿੱਖਿਆ ਨੀਤੀ ਬਣੀ ਹੈ, ਉਸ ਦਾ ਜੋ ਬੁਨਿਆਦੀ ਢਾਂਚੇ 'ਚ ਬਦਲਾਅ, ਪਾਠਕ੍ਰਮ 'ਚ ਤਬਦੀਲੀ, ਮੁਲਾਂਕਣ, ਅਧਿਐਨ ਅਤੇ ਅਧਿਆਪਨ ਉੱਤੇ ਜ਼ੋਰ ਦੇਣਾ ਰਿਹਾ ਹੈ। ਕਦੇ ਵੋਕੇਸ਼ਨਲ ਸਿੱਖਿਆ, ਕਦੇ ਸਿੱਖਿਆ ਨੂੰ ਉਦਯੋਗ ਨਾਲ ਜੋੜਨ, ਵਿਅਕਤੀਗਤ ਪ੍ਰਤਿਭਾ ਵਧਾਉਣ ਦੀ ਗੱਲ ਵੀ ਲਗਾਤਾਰ ਹੋਈ ਹੈ।

ਨਵੀਂ ਸਿੱਖਿਆ ਨੀਤੀ ਜੋ 2020 'ਚ ਦੇਸ਼ ਭਰ 'ਚ ਲਾਗੂ ਕੀਤੀ ਉਸ ਦਾ ਮੰਤਵ ਵੀ ਲਗਭਗ ਇਹੋ ਜਿਹਾ ਹੀ ਹੈ। ਪਰ ਦੇਸ਼ 'ਚ ਸਿੱਖਿਆ ਦੀ ਸਥਿਤੀ ਖਾਸ ਕਰਕੇ ਉੱਚ ਸਿੱਖਿਆ ਦੀ ਸਥਿਤੀ 'ਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਉਪਰੰਤ ਵੀ ਕੋਈ ਬਦਲਾਅ ਵੇਖਣ ਨੂੰ ਨਹੀਂ ਮਿਲ ਰਿਹਾ। ਸੂਬਿਆਂ ਦੀਆਂ ਯੂਨੀਵਰਸਿਟੀਆਂ ਦੀ ਵਿੱਤੀ ਸਥਿਤੀ ਤਰਸਯੋਗ ਹੈ। ਗੁਣਵੱਤਾ ਪੱਖੋਂ ਸਰਕਾਰੀ ਗੈਰ ਸਰਕਾਰੀ ਯੂਨੀਵਰਸਿਟੀਆਂ ਦਾ ਜਨਾਜਾ ਨਿਕਲਿਆ ਹੋਇਆ। ਉੱਚ ਸਿੱਖਿਆ ਦ ਾ ਅਧਾਰ ਨਵੀਂ ਖੋਜ ਨੂੰ ਮੰਨਿਆ ਜਾਂਦਾ ਹੈ, ਪਰ ਅੱਧੇ ਅਧੂਰੇ ਬੁਨਿਆਦੀ ਢਾਂਚੇ ਕਾਰਨ, ਉੱਚ ਸਿੱਖਿਆ ਖੇਤਰ 'ਚ ਯੋਗ ਅਧਿਆਪਕਾਂ ਦੀ ਕਮੀ ਕਾਰਨ ਗੈਰ-ਗੰਭੀਰ ਖੋਜ ਪੱਤਰ ਛਪਦੇ ਹਨ। ਪੀ.ਐਚ.ਡੀ. ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਬਹੁਤੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਜਿਹਨਾਂ ਸਿੱਖਿਆ ਨੂੰ ਵਪਾਰ ਬਣਾ ਦਿੱਤਾ ਹੈ, ਉਥੇ ਤਾਂ ਇਹੋ ਜਿਹੀਆਂ ਡਿਗਰੀਆਂ ਦੀ ਭਰਮਾਰ ਹੈ। ਇਥੋਂ ਤੱਕ ਕਿ ਇਥੇ ਡਿਗਰੀਆਂ ਵਿਕਦੀਆਂ ਹਨ। ਸੂਬਿਆਂ ਦੀਆਂ ਸਰਕਾਰਾਂ ਵੱਲੋਂ ਖਾਸ ਕਰਕੇ ਯੂਨੀਵਰਸਿਟੀਆਂ ਨੂੰ ਵਿੱਤੀ ਸਹਾਇਤਾ ਦੇਣ ਤੋਂ ਹੱਥ ਖਿੱਚਣ ਕਾਰਨ ਸਰਕਾਰੀ ਯੂਨੀਵਰਸਿਟੀਆਂ ਦੇ ਵਿੱਤੀ ਹਾਲਤ ਸੰਕਟ ਵਿਚ ਹਨ। ਇਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੀਆਂ ਯੂਨੀਵਰਸਿਟੀਆਂ ਨੂੰ ਕੁਲ ਬਜ਼ਟ ਤਾਂ ਔਸਤਨ ਅੱਠ ਹਜ਼ਾਰ ਕਰੋੜ ਦਿੱਤਾ ਜਾਂਦਾ ਹੈ ਪਰ ਸੂਬਿਆਂ ਦੀਆਂ ਯੂਨੀਵਰਸਿਟੀਆਂ ਨੂੰ ਬਜ਼ਟ ਸਿਰਫ਼ 83 ਲੱਖ ਵੰਡਿਆ 'ਂਦਾ ਹੈ। ਕੇਂਦਰੀ ਕਾਲਜਾਂ ਲਈ ਸਰਕਾਰ ਨੇ 27 ਕਰੋੜ ਔਸਤਨ ਰੱਖੇ ਹਨ ਪਰ ਰਾਜਾਂ ਲਈ 21 ਲੱਖ ਦਾ ਬਜ਼ਟ ਹੈ। ਇਸ ਬਜ਼ਟ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੋਈ ਵਾਧਾ ਨਹੀਂ ਹੋਇਆ। ਕੀ ਇੰਨੀ ਕੁ ਸਹਾਇਤਾ ਇੱਕ ਯੂਨੀਵਰਸਿਟੀਲਈ ਕਾਫੀ ਹੈ।



ਭਾਰਤ ਵਿਚ ਸੰਘੀ ਲੋਕਤੰਤਰਿਕ ਵਿਵਸਥਾ ਹੈ। ਕੇਂਦਰ ਅਤੇ ਰਾਜਾਂ ਦੇ ਸਬੰਧ ਜਦੋਂ ਵਿਗੜਦੇ ਹਨ ਤਾਂ ਸੂਬਿਆਂ ਦੀ ਸੰਘੀ ਘੁੱਟੀ ਜਾਂਦੀ ਹੈ। ਵੱਖੋ-ਵੱਖਰੇ ਖੇਤਰਾਂ ਦੇ ਨਾਲ ਸਿੱਖਿਆ ਖੇਤਰ ਵੀ ਇਸਦਾ ਖਮਿਆਜਾ ਭੁਗਤਦਾ ਹੈ। ਮੱਧ ਪ੍ਰਦੇਸ਼, ਹਰਿਆਣਾ, ਕਰਨਾਟਕ ਵਿਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਹੋਇਆ ਦੋ ਸਾਲ ਬੀਤ ਗਏ ਹਨ, ਪਰ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੁਝ ਹੋਰ ਰਾਜਾਂ ਸਮੇਤ ਪੰਜਾਬ ਦੇ ਇਹ ਸਿੱਖਿਆ ਨੀਤੀ ਲਾਗੂ ਕਰਨ ਵੱਲ ਕੁਝ ਕਦਮ ਵੀ ਅੱਗੇ ਨਹੀਂ ਵਧੇ।

ਅਸਲ ਵਿੱਚ ਰਾਜਾਂ ਦੀਆਂ ਯੂਨੀਵਰਸਿਟੀਆਂ ਫਾਕੇ ਕੱਟ ਰਹੀਆਂ ਹਨ, ਅਧਿਆਪਕਾਂ ਦੀ ਕਮੀ ਹੈ। ਆਰਥਿਕ ਤੰਗੀ, ਸਿਆਸੀ ਦਖਲ, ਅਕਾਦਮਿਕ ਭੈੜਾ ਪ੍ਰਬੰਧ ਅਤੇ ਬਰਾਬਰ ਦੇ ਮੌਕਿਆਂ ਦੀ ਕਮੀ ਨੇ ਯੂਨੀਵਰਸਿਟੀਆਂ ਦੇ ਹਾਲਾਤ ਵਿਗਾੜੇ ਹੋਏ ਹਨ। ਉਪਰੋਂ ਕੇਂਦਰ ਸਰਕਾਰ ਦੀਆਂ ਵਪਾਰਕ ਅਤੇ ਨਿੱਜੀਕਰਨ ਨੀਤੀਆਂ ਉੱਚ ਸਿੱਖਿਆ ਦਾ ਕਚੂੰਬਰ ਕੱਢ ਰਹੀਆਂ ਹਨ।

ਸਾਲ 2013 'ਚ ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੂਸਾ) ਇੱਕ ਪ੍ਰੋਗਰਾਮ ਕੇਂਦਰ ਸਰਕਾਰ ਨੇ ਸ਼ੁਰੂ ਕੀਤਾ। ਇਸ ਦਾ ਉਦੇਸ਼ ਰਾਜ ਸਰਕਾਰਾਂ ਨੂੰ ਉਚੇਰੀ ਬਿਹਤਰ ਸਿੱਖਿਆ ਲਈ ਫੰਡਿੰਗ ਕਰਨਾ ਸੀ। ਇਹ ਇਕ ਕਿਸਮ ਦੀ ਰਾਜਨੀਤਕ ਫੰਡਿੰਗ ਬਣ ਕੇ ਰਹਿ ਗਈ। ਰੂਸਾ ਅਧੀਨ ਮੁਲਾਂਕਣ ਦੇ ਅਧਾਰ 'ਤੇ ਰਾਜਾਂ ਲਈ 60:40 ਦੇ ਅਨੁਪਾਤ ਅਤੇ ਕੇਂਦਰੀ ਸ਼ਾਸ਼ਤ ਪ੍ਰਦਸ਼ਾਂ ਲਈ 90:10 ਦੇ ਅਨੁਪਾਤਾਂ ਨਾਲ ਪ੍ਰਾਜੈਕਟਾਂ ਲਈ ਵਿੱਤੀ ਸਹਾਇਤਾ ਦੇਣਾ ਸੀ। ਪਰ ਇਹ ਸਹਾਇਤਾ ਸੀਮਤ ਰਹੀ ਅਤੇ 'ਪਹੁੰਚ' ਇਸ ਸਹਾਇਤਾ ਦਾ ਅਧਾਰ ਬਣ ਗਈ। ਭਾਵ ਜਿਥੇ ਅਤੇ ਜਿਸ ਰਾਜ ਵਿੱਚ ਹਾਕਮ ਚਾਹੁੰਦੇ ਉਥੇ ਹੀ ਇਹ ਪ੍ਰਾਜੈਕਟ ਦਿੱਤੇ ਜਾਂਦੇ ਹਨ। ਕੀ ਇਹ ਸਿੱਖਿਆ ਪ੍ਰਤੀ ਸਹੀ ਪਹੁੰਚ ਹੈ?

ਪੁਰਾਤਨ ਕਾਲ ਵਿਚ ਸਿੱਖਿਆ ਦਾ ਮਨੋਰਥ ਧਰਮ ਨਾਲ ਜੁੜਿਆ ਹੋਇਆ ਸੀ ਅਤੇ ਕਿਸੇ ਵਿਸ਼ੇਸ਼ ਜਾਤ ਅਤੇ ਲਿੰਗ (ਭਾਵ ਮਰਦ ਜਾਂ ਔਰਤਾਂ) ਦਾ ਹੀ ਹੱਕ ਸੀ। ਇਹਨਾਂ ਸਮਿਆਂ 'ਚ ਭਾਰਤ 'ਚ ਸਿਰਫ਼ ਉੱਚ ਜਾਤਾਂ ਦੇ ਮਰਦ ਹੀ ਪੜ੍ਹਾਈ ਕਰਨ ਦੇ ਹੱਕਦਾਰ ਸਨ। ਅੰਗਰੇਜ਼ ਸਮਕਾਲ ਸਮੇਂ ਸਿੱਖਿਆ ਖੇਤਰ 'ਚ ਤਬਦੀਲੀ ਆਈ। ਸਕੂਲ, ਕਾਲਜ ਖੁਲੇ। ਮਿਸ਼ਨਰੀ ਲੋਕਾਂ ਨੇ ਸਿੱਖਿਆ ਆਮ ਆਦਮੀ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਚੇਰੀ ਸਿੱਖਿਆ ਲਈ ਵੀ ਦਰਵਾਜ਼ੇ ਖੁਲੇ। ਅਜ਼ਾਦੀ ਤੋਂ ਬਾਅਦ ਸਿੱਖਿਆ ਸਭ ਲਈ ਦੇਣ ਦਾ ਸੰਕਲਪ ਸਾਹਮਣੇ ਆਇਆ। ਸਭ ਲਈ ਬਰਾਬਰ ਦੀ ਸਿੱਖਿਆ ਦੀ ਮੰਗ ਵੀ ਉੱਠੀ। ਸੰਵਿਧਾਨ ਵਿਚ ਸਿੱਖਿਆ ਦਾ ਅਧਿਕਾਰ ਦਰਜ ਹੋਇਆ।

ਪਰ ਯੂਨੀਵਰਸਿਟੀਆਂ ਪ੍ਰਾਈਵੇਟ ਹੱਥਾਂ 'ਚ ਵਧਣ ਕਾਰਨ ਸਿੱਖਿਆ ਦਾ ਮਿਆਰ ਵੀ ਘਟਿਆ। ਸਿੱਖਿਆ ਸੰਸਥਾਵਾਂ ਵਪਾਰਕ ਅਦਾਰਿਆਂ ਵਜੋਂ ਵਿਕਸਿਤ ਹੋਈਆਂ ਅਤੇ ਅੱਜ ਸਥਿਤੀ ਇਹ ਹੈ ਕਿ ਨਿੱਜੀਕਰਨ ਪਾਲਿਸੀ ਨੇ ਉੱਚ ਸਿੱਖਿਆ ਨੂੰ ਹਥਿਆ ਲਿਆ ਹੈ। ਨਵੇਂ- ਨਵੇਂ ਕੋਰਸ ਇਹਨਾਂ ਯੂਨੀਵਰਸਿਟੀਆਂ ਵਲੋਂ ਧਨ ਕਮਾਉਣ ਲਈ ਚਲਾਏ ਜਾ ਰਹੇ ਹਨ। ਜਿਹਨਾਂ ਦਾ ਕੋਈ ਮਿਆਰ ਵੀ ਨਹੀਂ। ਇੰਜ ਉੱਚ ਸਿੱਖਿਆ 'ਚ ਇਕ ਗੰਦਲਾਪਨ ਫੈਲਾਇਆ ਜਾ ਰਿਹਾ ਹੈ। ਇਹ ਉੱਚ ਸਿੱਖਿਆ ਲਈ ਇਕ ਵੱਡੀ ਚਣੌਤੀ ਹੈ। ਸਿੱਖਿਆ ਦਾ ਮੰਤਵ ਤਾਂ ਨਾ ਬਰਾਬਰੀ ਖਤਮ ਕਰਕੇ ਇਕ ਨਿੱਗਰ ਸਮਾਜ ਦੀ ਸਿਰਜਣਾ ਕਰਨਾ ਹੈ। ਆਪਣੀ ਬੋਲੀ ਸਭਿਆਚਾਰ ਨਾਲ ਜੁੜ ਕੇ ਇੱਕ ਚੇਤੰਨ ਮਨੁੱਖ ਬਨਣ ਵੱਲ ਅੱਗੇ ਵਧਣਾ ਹੈ। ਪਰ ਮੌਜੂਦਾ ਉੱਚ ਸਿੱਖਿਆ ਤਾਂ ਮਨੁੱਖ ਨਹੀਂ, ਮਸ਼ੀਨੀ ਪੁਰਜਾ ਬਨਣ, ਬਨਾਉਣ ਵੱਲ ਅੱਗੇ ਵਧ ਰਹੀ ਹੈ। ਇਹ ਕਿਸੇ ਤਰਾਂ ਵੀ ਸਮਾਜ ਦੇ ਹਿੱਤ ਵਿੱਚ ਨਹੀਂ ਹੈ।

ਬਿਨਾਂ ਸ਼ੱਕ ਦੁਨੀਆਂ ਭਰ ਵਿੱਚ ਉਚੇਰੀ ਸਿੱਖਿਆ ਦਾ ਮੰਤਵ ਬਦਲ ਰਿਹਾ ਹੈ। ਹੁਣ ਵਿਅਕਤੀਤਵ ਵਿਕਾਸ ਉਚੇਰੀ ਸਿੱਖਿਆ ਦਾ ਪੂਰਾ ਹੈ, ਜਿਸ ਨੂੰ ਆਰਥਿਕਤਾ 'ਚ ਹੁਲਾਰਾ, ਟੈਕਨੌਲੋਜੀ ਵਿਕਾਸ ਲਈ ਵਰਤੇ ਜਾਣ ਮਿਥਿਆ ਹੈ ਤਾਂ ਕਿ ਸਮਾਜਿਕ ਤਬਦੀਲੀ ਤੇਜ਼ੀ ਨਾਲ ਵਧੇ। ਉਚੇਰੀ ਸਿੱਖਿਆ ਹੁਣ ਨਵੀਂ ਜਾਣਕਾਰੀ, ਖੋਜ ਅਤੇ ਨਵੀਆਂ ਤਕਨੀਕਾਂ ਨਾਲ ਲੈਸ, ਬਜ਼ਾਰ ਮੰਡੀ ਦੀਆਂ ਲੋੜਾਂ ਅਨੁਸਾਰ ਵਿਦਿਆਰਥੀਆਂ ਨੂੰ ਵਰਤਣ ਦਾ ਸੰਦ-ਪੁਰਜਾ ਬਣਦੀ ਜਾ ਰਹੀ ਹੈ। ਇਹ ਬਹੁਤੀਆਂ ਹਾਲਤਾਂ 'ਚ ਮਨੁੱਖ ਨੂੰ ਮਸ਼ੀਨ ਬਨਾਉਣ ਤੁਲ ਹੈ। ਭਾਰਤ ਦੇਸ਼, ਜਿਹੜਾ ਨੈਤਿਕ ਮੁੱਲਾਂ ਲਈ ਜਾਣਿਆ ਜਾਂਦਾ ਹੈ, ਇਸੇ ਰਾਹ ਪਾਇਆ ਜਾ ਰਿਹਾ ਹੈ, ਇਹ ਦੱਸ ਕੇ ਕਿ ਭਾਰਤ ਵਿਸ਼ਵ ਮਹਾਂਸ਼ਕਤੀ ਬਣ ਰਿਹਾ ਹੈ। ਪਰ ਸਮਾਂ ਹੈ ਦੇਸ਼ ਨੂੰ ਸਿੱਖਿਆ, ਸਿਹਤ ਅਤੇ ਜੀਵਨ ਮੁੱਲਾਂ ਦੀ ਚਿੰਤਾ ਕਰਨੀ ਪਵੇਗੀ। ਇਹ ਸਿਰਫ਼ ਤੇ ਸਿਰਫ਼



# ਭਾਰਤ ਦੇ ਲੋਕਤੰਤਰ ਲਈ ਨੁਕਸਾਨਦੇਹ ਕਿਉਂ ਹਨ ਇੱਕੋ ਸਮੇਂ ਚੋਣਾਂ ?

**ਡਾ. ਸਤਿਆਵਾਨ ਸੌਰਭ**



ਇੱਕੋ ਸਮੇਂ ਦੀਆਂ ਚੋਣਾਂ ਦਾ ਮਤਲਬ ਇਹ ਹੈ ਕਿ ਪੂਰੇ ਭਾਰਤ ਵਿੱਚ ਲੋਕ ਸਭਾ ਅਤੇ ਸਾਰੀਆਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੋਣਗੀਆਂ, ਸੰਭਵ ਤੌਰ 'ਤੇ ਇੱਕੋ ਸਮੇਂ ਦੇ ਆਸਪਾਸ ਵੋਟਿੰਗ ਹੋਵੇਗੀ। ਇੱਕੋ ਸਮੇਂ ਚੋਣਾਂ, ਜਾਂ 'ਇੱਕ ਰਾਸ਼ਟਰ, ਇੱਕ ਚੋਣ' ਦਾ ਵਿਚਾਰ ਪਹਿਲੀ ਵਾਰ ਰਸਮੀ ਤੌਰ 'ਤੇ ਭਾਰਤੀ ਚੋਣ ਕਮਿਸ਼ਨ ਦੁਆਰਾ 1983 ਦੀ ਇੱਕ ਰਿਪੋਰਟ ਵਿੱਚ ਪ੍ਰਸਤਾਵਿਤ ਕੀਤਾ ਗਿਆ ਸੀ। ਨਾਲੋ-ਨਾਲ ਚੋਣਾਂ ਕਰਵਾਉਣ ਦੇ ਕੁਝ ਸੰਭਾਵੀ ਫਾਇਦਿਆਂ ਦੇ ਨਾਲ-ਨਾਲ ਕੁਝ ਕਮੀਆਂ ਵੀ ਹਨ, ਜੋ ਸਵਾਲ ਪੈਦਾ ਕਰਦੀਆਂ ਹਨ: ਕੀ ਇੱਕੋ ਸਮੇਂ ਚੋਣਾਂ ਕਰਵਾਉਣਾ ਭਾਰਤ ਦੇ ਲੋਕਤੰਤਰ ਲਈ ਨੁਕਸਾਨਦੇਹ ਹੈ?

ਇੱਕ ਦੇਸ਼ ਇੱਕ ਚੋਣ ਦੇ ਖ਼ਿਲਾਫ਼ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸੰਵਿਧਾਨ ਨੇ ਸਾਨੂੰ ਇੱਕ ਸੰਸਦੀ ਮਾਡਲ ਪ੍ਰਦਾਨ ਕੀਤਾ ਹੈ ਜਿਸ ਤਹਿਤ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਚੋਣ ਪੰਜ ਸਾਲਾਂ ਲਈ ਹੁੰਦੀ ਹੈ, ਪਰ ਸਾਡਾ ਸੰਵਿਧਾਨ ਇੱਕੋ ਸਮੇਂ ਚੋਣਾਂ ਕਰਵਾਉਣ ਦੇ ਮੁੱਦੇ 'ਤੇ ਚੁੱਪ ਹੈ। ਸੰਵਿਧਾਨ ਵਿੱਚ ਕਈ ਵਿਵਸਥਾਵਾਂ ਹਨ ਜੋ ਇਸ ਵਿਚਾਰ ਦੇ ਪੂਰੀ ਤਰ੍ਹਾਂ ਉਲਟ ਜਾਪਦੀਆਂ ਹਨ। ਉਦਾਹਰਨ ਲਈ, ਆਰਟੀਕਲ 2 ਦੇ ਤਹਿਤ, ਸੰਸਦ ਭਾਰਤੀ ਸੰਘ ਵਿੱਚ ਇੱਕ ਨਵਾਂ ਰਾਜ ਸ਼ਾਮਲ ਕਰ ਸਕਦੀ ਹੈ ਅਤੇ ਧਾਰਾ 3 ਦੇ ਤਹਿਤ, ਸੰਸਦ ਇੱਕ ਨਵਾਂ ਰਾਜ ਬਣਾ ਸਕਦੀ ਹੈ, ਜਿੱਥੇ ਵੱਖਰੀਆਂ ਚੋਣਾਂ ਕਰਵਾਉਣੀਆਂ ਪੈ ਸਕਦੀਆਂ ਹਨ। ਇਸੇ ਤਰ੍ਹਾਂ ਧਾਰਾ 85(2)(ਬੀ) ਅਨੁਸਾਰ ਰਾਸ਼ਟਰਪਤੀ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ ਅਤੇ ਧਾਰਾ 174(2)(ਬੀ) ਅਨੁਸਾਰ ਰਾਜਪਾਲ ਪੰਜ ਸਾਲ ਪਹਿਲਾਂ ਵੀ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਧਾਰਾ 352 ਦੇ ਤਹਿਤ ਲੋਕ ਸਭਾ ਦਾ ਕਾਰਜਕਾਲ ਯੁੱਧ, ਬਾਹਰੀ ਹਮਲੇ ਜਾਂ ਹਥਿਆਰਬੰਦ ਵਿਦਰੋਹ ਦੀ ਸਥਿਤੀ ਵਿਚ ਰਾਸ਼ਟਰੀ ਐਮਰਜੈਂਸੀ ਲਗਾ ਕੇ ਵਧਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਧਾਰਾ 356 ਤਹਿਤ ਰਾਜਾਂ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾ ਸਕਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਸਬੰਧਿਤ ਰਾਜ ਦੇ ਸਿਆਸੀ ਸਮੀਕਰਨ ਵਿੱਚ ਅਚਾਨਕ ਉਲਟ ਫੇਰ ਕਰਕੇ ਮੁੜ ਚੋਣਾਂ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹ ਸਾਰੇ ਹਾਲਾਤ ਇੱਕ ਦੇਸ਼ ਇੱਕ ਚੋਣ ਦੇ ਬਿਲਕੁਲ ਉਲਟ ਹਨ।

ਇੱਕੋ ਸਮੇਂ ਚੋਣਾਂ ਕਰਵਾਉਣ ਲਈ ਰਾਜ ਵਿਧਾਨ ਸਭਾਵਾਂ ਦੀਆਂ ਸ਼ਰਤਾਂ ਨੂੰ ਲੋਕ ਸਭਾ ਦੀਆਂ ਸ਼ਰਤਾਂ ਨਾਲ ਤਾਲਮੇਲ ਕਰਨ ਲਈ ਸੰਵਿਧਾਨਕ ਸੋਧ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ, ਲੋਕ ਪ੍ਰਤੀਨਿਧਤਾ ਐਕਟ ਦੇ ਨਾਲ-ਨਾਲ ਹੋਰ ਸੰਸਦੀ ਪ੍ਰਕਿਰਿਆਵਾਂ ਵਿੱਚ ਸੋਧਾਂ ਦੀ ਲੋੜ ਹੋਵੇਗੀ। ਨਾਲੋ-ਨਾਲ ਚੋਣਾਂ ਨੂੰ ਲੈ ਕੇ ਖੇਤਰੀ ਪਾਰਟੀਆਂ ਦਾ ਮੁੱਖ ਡਰ ਇਹ ਹੈ ਕਿ ਉਹ ਆਪਣੇ ਸਥਾਨਕ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਨਹੀਂ ਉਠਾ ਸਕਣਗੀਆਂ, ਕਿਉਂਕਿ ਰਾਸ਼ਟਰੀ ਮੁੱਦੇ ਕੇਂਦਰ ਦੀ ਸਟੇਜ ਲੈ ਲੈਣਗੇ। ਇਸ ਤੋਂ ਇਲਾਵਾ, ਉਹ ਚੋਣ ਖਰਚ ਅਤੇ ਚੋਣ ਰਣਨੀਤੀ ਦੇ ਮਾਮਲੇ ਵਿੱਚ ਰਾਸ਼ਟਰੀ ਪਾਰਟੀਆਂ ਨਾਲ ਮੁਕਾਬਲਾ ਨਹੀਂ ਕਰ ਸਕਣਗੇ। ਨਾਲੋ-ਨਾਲ ਚੋਣਾਂ ਕਰਾਉਣ ਨਾਲ ਦੇਸ਼ ਦੇ ਸੰਘਵਾਦ ਨੂੰ ਚੁਣੌਤੀ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ। ਇਨ੍ਹਾਂ ਖਾਸ ਪਲੇਟਫਾਰਮਾਂ ਅਤੇ ਜਮਹੂਰੀਅਤ ਦੇ ਖੇਤਰਾਂ ਨੂੰ ਧੁੰਦਲਾ ਕਰਨ ਦੇ ਨਾਲ-ਨਾਲ ਚੋਣਾਂ ਦਾ ਖਤਰਾ ਵੀ ਹੈ, ਨਾਲ ਹੀ ਇਹ ਖਤਰਾ ਵੀ ਹੈ ਕਿ ਰਾਜ ਪੱਧਰੀ ਮੁੱਦੇ ਰਾਸ਼ਟਰੀ ਮੁੱਦਿਆਂ ਵਿੱਚ ਸ਼ਾਮਲ ਹੋ ਜਾਂਦੇ ਹਨ।

ਵੋਟਰਾਂ ਨੂੰ ਮਾੜੀ ਕਾਰਗੁਜ਼ਾਰੀ ਲਈ ਸਰਕਾਰਾਂ ਨੂੰ ਜਵਾਬਦੇਹ ਠਹਿਰਾਉਣ ਜਾਂ ਚੰਗੀ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਇਨਾਮ ਦੇਣ ਤੋਂ ਰੋਕਦੀ ਹੈ। ਵੱਖ-ਵੱਖ ਪੱਧਰਾਂ ਦੀਆਂ ਸਰਕਾਰਾਂ ਲਈ ਵੱਖਰੀਆਂ ਚੋਣਾਂ ਕਰਵਾਉਣਾ ਵੋਟਰਾਂ ਨੂੰ ਸਪੱਸ਼ਟ ਕਰਦਾ ਹੈ ਕਿ ਕਿਸ ਪੱਧਰ ਦੀ ਸਰਕਾਰ ਕਿਸ ਲਈ ਜ਼ਿੰਮੇਵਾਰ ਹੈ ਅਤੇ ਸਬੰਧਿਤ ਸਰਕਾਰ ਦੀ ਕਾਰਗੁਜ਼ਾਰੀ 'ਤੇ ਧਿਆਨ ਕੇਂਦਰਤ ਕਰਦੀ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਸਰਕਾਰ ਨੂੰ ਢਹਿ ਜਾਣ ਤੋਂ ਬਚਾਉਣ ਲਈ ਜ਼ੋਰਦਾਰ ਕੋਸ਼ਿਸ਼ ਕੀਤੀ ਜਾਏਗੀ, ਭਾਵੇਂ ਇਹ, ਆਮ ਹਾਲਤਾਂ ਵਿੱਚ, ਸਦਨ ਦਾ ਭਰੋਸਾ ਗੁਆ ਬੈਠਦੀ ਹੈ। ਨਾਲੋ-ਨਾਲ ਚੋਣਾਂ ਹੋਣ 'ਤੇ ਘੋੜਿਆਂ ਦੇ ਵਪਾਰ ਦੀ ਵਿਸਫੋਟਕ ਸਥਿਤੀ ਪੈਦਾ ਹੋਣ ਦੀ ਸੰਭਾਵਨਾ ਹੈ।

ਇੱਕ ਰਾਸ਼ਟਰ, ਇੱਕ ਚੋਣ ਦੇਸ਼ ਦੇ ਸੰਘੀ ਢਾਂਚੇ ਦੇ ਉਲਟ ਹੋਵੇਗੀ ਅਤੇ ਸੰਸਦੀ ਲੋਕਤੰਤਰ ਲਈ ਘਾਤਕ ਕਦਮ ਹੋਵੇਗੀ। ਜੇਕਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੁੰਦੀਆਂ ਹਨ, ਤਾਂ ਕੁਝ ਵਿਧਾਨ ਸਭਾਵਾਂ ਦਾ ਕਾਰਜਕਾਲ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਵਧਾਇਆ ਜਾਂ ਘਟਾਇਆ ਜਾਵੇਗਾ, ਜਿਸ ਨਾਲ ਰਾਜਾਂ ਦੀ ਖ਼ੁਦਮੁਖ਼ਤਿਆਰੀ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਦਾ ਸੰਘੀ ਢਾਂਚਾ ਸੰਸਦੀ ਸ਼ਾਸਨ ਪ੍ਰਣਾਲੀ ਤੋਂ ਪ੍ਰੇਰਿਤ ਹੈ ਅਤੇ ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਚੋਣਾਂ ਦੀ ਬਾਰੰਬਾਰਤਾ ਇੱਕ ਅਟੱਲ ਤੱਥ ਹੈ। ਜੇਕਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਨਾਲੋ-ਨਾਲ ਕਰਵਾਈਆਂ ਜਾਂਦੀਆਂ ਹਨ ਤਾਂ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਖੇਤਰੀ ਮੁੱਦੇ ਰਾਸ਼ਟਰੀ ਮੁੱਦਿਆਂ ਦੇ ਮੁਕਾਬਲੇ ਸੈਕੰਡਰੀ ਬਣ ਸਕਦੇ ਹਨ ਜਾਂ ਇਸ ਦੇ ਉਲਟ, ਖੇਤਰੀ ਮੁੱਦਿਆਂ ਦੇ ਸਾਹਮਣੇ ਰਾਸ਼ਟਰੀ ਮੁੱਦੇ ਆਪਣੀ ਹੋਂਦ ਗੁਆ ਸਕਦੇ ਹਨ। ਅਸਲ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦਾ ਸਰੂਪ ਅਤੇ ਮੁੱਦੇ ਬਿਲਕੁਲ ਵੱਖਰੇ ਹਨ। ਜਦੋਂ ਕਿ ਲੋਕ ਸਭਾ ਚੋਣਾਂ ਰਾਸ਼ਟਰੀ ਸਰਕਾਰ ਬਣਾਉਣ ਲਈ ਹੁੰਦੀਆਂ ਹਨ, ਵਿਧਾਨ ਸਭਾ ਚੋਣਾਂ ਰਾਜ ਸਰਕਾਰ ਬਣਾਉਣ ਲਈ ਹੁੰਦੀਆਂ ਹਨ। ਇਸ ਲਈ ਜਿੱਥੇ ਲੋਕ ਸਭਾ ਵਿੱਚ ਰਾਸ਼ਟਰੀ ਮਹੱਤਵ ਦੇ ਮੁੱਦਿਆਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ, ਉੱਥੇ ਵਿਧਾਨ ਸਭਾ ਚੋਣਾਂ ਵਿੱਚ ਖੇਤਰੀ ਮਹੱਤਵ ਦੇ ਮੁੱਦੇ ਸਭ ਤੋਂ ਅੱਗੇ ਰਹਿੰਦੇ ਹਨ।

ਲੋਕਤੰਤਰ ਨੂੰ ਲੋਕਾਂ ਦਾ ਰਾਜ ਕਿਹਾ ਜਾਂਦਾ ਹੈ। ਦੇਸ਼ ਵਿੱਚ ਸੰਸਦੀ ਪ੍ਰਣਾਲੀ ਹੋਣ ਕਾਰਨ ਵੱਖ-ਵੱਖ ਸਮੇਂ 'ਤੇ ਚੋਣਾਂ ਹੁੰਦੀਆਂ ਹਨ ਅਤੇ ਜਨਤਕ ਪ੍ਰਤੀਨਿਧਾਂ ਨੂੰ ਲਗਾਤਾਰ ਜਨਤਾ ਪ੍ਰਤੀ ਜਵਾਬਦੇਹ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ ਕੋਈ ਵੀ ਪਾਰਟੀ ਜਾਂ ਆਗੂ ਚੋਣ ਜਿੱਤਣ ਤੋਂ ਬਾਅਦ ਤਾਨਾਸ਼ਾਹੀ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ ਥੋੜ੍ਹੇ-ਥੋੜ੍ਹੇ ਸਮੇਂ 'ਤੇ ਚੋਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਚੋਣਾਂ ਇੱਕੋ ਸਮੇਂ ਹੁੰਦੀਆਂ ਹਨ ਤਾਂ ਅਜਿਹਾ ਹੋਣ ਦੀ ਸੰਭਾਵਨਾ ਵੱਧ ਜਾਵੇਗੀ। ਭਾਰਤ ਆਬਾਦੀ ਦੇ ਲਿਹਾਜ਼ ਨਾਲ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਇਸ ਲਈ ਵੱਡੀ ਆਬਾਦੀ ਅਤੇ ਬੁਨਿਆਦੀ ਢਾਂਚੇ ਦੀ ਅਣਹੋਂਦ ਵਿੱਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣੀਆਂ ਤਰਕਸੰਗਤ ਨਹੀਂ ਜਾਪਦੀਆਂ।

ਨਾਲੋ-ਨਾਲ ਚੋਣਾਂ ਕਰਵਾਉਣ ਦੇ ਹੱਕ ਵਿੱਚ ਬਹੁਤ ਸਾਰੇ ਠੋਸ ਕਾਰਨ ਹਨ।

ਹਾਲਾਂ ਕਿ, ਵੱਖ-ਵੱਖ ਰਾਜਨੀਤਿਕ ਪਾਰਟੀਆਂ, ਖਾਸ ਕਰਕੇ ਖੇਤਰੀ ਪਾਰਟੀਆਂ ਵਿਚਕਾਰ ਇੱਕੋ ਸਮੇਂ ਚੋਣਾਂ ਕਰਵਾਉਣ 'ਤੇ ਰਾਜਨੀਤਿਕ ਸਹਿਮਤੀ ਪ੍ਰਾਪਤ ਕਰਨਾ ਆਪਣੇ ਆਪ ਵਿੱਚ ਇੱਕ ਕਾਨੂੰਨੀ ਅਤੇ ਰਾਜਨੀਤਿਕ ਚੁਣੌਤੀ ਹੈ। ਇਸ ਲਈ ਦੇਸ਼ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਦੇ ਪ੍ਰਸਤਾਵ 'ਤੇ ਰਾਸ਼ਟਰੀ ਰਾਜਨੀਤਿਕ ਪਾਰਟੀਆਂ, ਭਾਰਤੀ ਚੋਣ ਕਮਿਸ਼ਨ, ਨੌਕਰਸ਼ਾਹਾਂ, ਸਿੱਖਿਆ ਸ਼ਾਸਤਰੀਆਂ ਅਤੇ ਮਾਹਿਰਾਂ ਸਮੇਤ ਹਿੱਸੇਦਾਰਾਂ ਦੇ ਵਿਚਾਰਾਂ ਨੂੰ ਇਕਸੁਰ ਕਰਨ ਦੀ ਲੋੜ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਹਰ ਸਮੇਂ ਚੋਣ ਚੱਕਰ ਵਿੱਚ ਘਿਰਿਆ ਨਜ਼ਰ ਆ ਰਿਹਾ ਹੈ।

**ਮਿੰਨੀ ਕਹਾਣੀ** **ਮਨਜੋਤ ਕੌਰ**

## ਕੌਣ ਹਾਂ ਮੈਂ ?

ਆਮ ਆਦਮੀ ਦੀ ਡਾਇਰੀ ਦੀ ਸ਼ੁਰੂਆਤ ਉਹਦੀ ਜੇਬ ਤੋਂ ਹੀ ਹੁੰਦੀ ਹੈ। ਬੱਚਿਆਂ ਦੀ ਭੁੱਖ ਤੋਂ ਲੈ ਕੇ ਜੇ ਕਦੀ ਕਫ਼ਨ ਤੱਕ ਦੀ ਜ਼ਰੂਰਤ ਵੀ ਆਣ ਪਵੇ ਤਾਂ ਜੇਬ ਵਿੱਚ ਹੱਥ ਪਾਣ ਤੋਂ ਗੁਰੇਜ਼ ਕਰਦਾ ਹੈ। ਕੱਚੇ ਕੋਠੇ ਕਦੋਂ ਚੋ ਪੈਣ ਕੁੱਝ ਪਤਾ ਨੀ। ਕੁਦਰਤ ਤਾਂ ਕੁਦਰਤ ਉੱਚੇ ਚੁਬਾਰੇ ਵਾਲੇ ਵੀ ਧੱਕਾ ਕਰ ਜਾਂਦੇ ਨੇ । ਡਾਇਰੀ ਦੇ ਹਰ ਪੰਨੇ ਤੇ ਇੱਕ ਹੀ ਸਵਾਲ ਅਖੀਰ ਕੌਣ ਹਾਂ ਮੈਂ ? ਇੱਕ ਮਜਬੂਰ ?

ਮਜਬੂਰੀ ਇੰਨੀ ਕਿ ਜੇ ਕਦੀ ਦਿਹਾੜੀ ਨਾ ਮਿਲੇ ਤਾਂ ਘਰ - ਘਰ ਝੋਲ਼ੀ ਅਡਣੀ ਪੈ ਜਾਂਦੀ ਹੈ। ਨਿਰਾਸ਼ ਹੋ ਕਈ ਵਾਰ ਉਥੋਂ ਵੀ ਖਾਲੀ ਹੀ ਮੁੜਨਾ ਪੈਂਦਾ ਹੈ। ਘਰ ਵਿੱਚੋਂ ਬਾਸੀ ਰੋਟੀਆਂ ਹਰ ਸ਼ਾਮ ਬਾਹਰ ਸੁੱਟ ਦਿੱਤੀਆਂ ਜਾਂਦੀਆਂ ਨੇ। ਪਰ ਜੇ ਕਦੀ ਕੋਈ ਮਜਬੂਰ ਘਰ ਵੱਲ ਆਉਂਦਾ ਨਿਗ੍ਹਾ ਪੈ ਜਾਵੇ , ਅਸੀਂ ਬੂਹੇ ਢੋ ਲੈਂਦੇ ਹਾਂ। ਅਖੇ ਕਿੱਤੇ ਸਾਡੇ ਘਰੋਂ ਹੀ ਨਾ ਮੰਗਣ ਆ ਜੇ । ਉਹ ਆਮ ਇਨਸਾਨ ਬੇਚਾਰਾ ਪਹਿਲਾਂ ਹੀ ਮਰ - ਮਰ ਮੰਗਣ ਜਾਂਦਾ ਹੈ । ਅੱਗੋਂ ਬੂਹਾ ਭੇੜਦਿਆਂ ਦੇਖ, ਅਗਲੇ ਬੂਹੇ ਵੱਲ ਕਦਮ ਪੁੱਟਣ ਦੀ ਓਹਦੀ ਹਿੰਮਤ ਨਹੀਂ ਹੁੰਦੀ। ਫਿਰ ਆਪਣੇ ਆਪ ਤੋਂ ਉਹੀ ਸਵਾਲ , ਕੌਣ ਹਾਂ ਮੈਂ ? ਇੱਕ ਮਜਬੂਰ ? ਅੱਜ ਬੜਾ ਖ਼ੁਸ਼ , ਫਲਾਣੇ ਘਰੋਂ ਦੋ ਫ਼ੁਲਕੇ ਮਿਲ ਹੀ ਗਏ । ਘਰ ਆ ਕੇ ਖਾਣ ਹੀ ਲੱਗਿਆ ਸੀ ਕਿ ਕੁੱਝ ਪੰਛੀ ਭੁੱਖੇ ਚਹਿਕਦੇ ਨਿਗ੍ਹਾ ਪੈ ਗਏ। ਓਹ ਬੁਰਕੀਆਂ ਵੀ ਸੰਘ ਹੇਠਾਂ ਨਾ ਉੱਤਰੀਆਂ । ਪੰਛੀਆਂ ਨੂੰ ਪਾ, ਆਪ ਸੋਚਿਆ ਚੱਲੋ ਪਾਣੀ ਪੀ ਕੇ ਹੀ ਸੌਂ ਜਾਨਾ ਅੱਜ। ਘੜੇ ਤੋਂ ਚੱਪਣੀ ਚੁੱਕੀ ਫਿਰ ਸਾਹਮਣੇ ਨਮੋਸ਼ੀ ਆਣ ਖਲੋਈ। ਸਬਰ ਕਰ ਢਿੱਡ ਨੂੰ ਪਰਨਾ ਲਪੇਟ ਸੌਂ ਗਿਆ 'ਤੇ ਸੌਣ ਤੋਂ ਪਹਿਲੋਂ ਫਿਰ ਉਹੀ ਸਵਾਲ ਕੌਣ ਹਾਂ ਮੈਂ ? ਇੱਕ ਮਜਬੂਰ ? ਹੁਣ ਤਾਂ ਭੁੱਖ ਵੀ ਸ਼ਰਮਿੰਦੀ ਹੋ ਕੇ ਪੁੱਛ ਨਾ ਸਕਦੀ ਕਿ ਭੁੱਖ ਲੱਗੀ ਆ ?

ਘਰ ਵਿੱਚ ਬੱਚੇ ਘਰਵਾਲੀ ਜੇ ਕਦੀ ਇਕੱਠੇ ਬਿਮਾਰ ਹੋ ਜਾਣ, ਉਸ ਮਜਬੂਰ ਨੂੰ ਫ਼ਿਕਰ ਸਤਾਉਣ ਲਗਦਾ ਹੈ ਕਿ ਇਲਾਜ ਕਿਹਦਾ ਪਹਿਲੋਂ ਕਰਵਾਵਾਂ ? ਹੌਕਾ ਲੈਂਦਾ ਹੋਇਆ ਹਾਲਾਤ ਤੇ ਕਿਸਮਤ ਨੂੰ ਕੋਸਦਾ, ਜੇਬ ਵਿੱਚ ਹੱਥ ਮਾਰਦਾ ਹੋਇਆ ਡਾਇਰੀ ਦੇ ਅਗਲੇ ਪੰਨੇ ਤੇ ਫਿਰ ਇਕ ਹੀ ਸਵਾਲ ਅਖ਼ੀਰ ਕੌਣ ਹਾਂ ਮੈਂ ? ਇੱਕ ਮਜਬੂਰ ?

ਉਹ ਕੋਲ਼ ਕੁੱਝ ਨਾ ਹੁੰਦੇ ਹੋਏ ਵੀ ਭੁੱਖੇ ਪੰਛੀਆਂ ਦਾ ਢਿੱਡ ਭਰ ਦਿੰਦਾ ਹੈ। ਅਸੀਂ ਚੁਬਾਰਿਆਂ ਵਾਲ਼ੇ, ਆਪ ਤਾਂ ਕਦੀ ਕਿਸੇ ਗਰੀਬ ਮੂੰਹ ਬੁਰਕੀ ਨੀ ਪਾਉਂਦੇ। ਉਸ ਬੇਬਸ ਨੂੰ ਮੰਗਤਾ ਬੁਲਾਉਣਗੇ ਤੇ ਕਦੀ ਨੰਗ ਵੀ ਕਹਿ ਠੇਡੇ ਮਾਰਨਗੇ । ਹਰ ਆਏ ਦਿਨ ਇਨ੍ਹਾਂ ਲੀਡਰਾਂ ਦੀਆਂ ਗ਼ੁਲਾਮੀਆਂ ਕਰਦੇ ਹਾਂ, ਬੜੇ ਫਾਰਮ ਭਰਦੇ ਹਾਂ, ਕੋਈ ਜਗ੍ਹਾ ਨਹੀਂ ਛੱਡਾਂਗੇ ਜਿਥੋਂ ਮੰਗਦੇ ਨਾ ਹੋਈਏ, ਅਖੇ ਅਸੀਂ ਤਾਂ ਹਾਂ ਚੁਬਾਰਿਆਂ ਵਾਲ਼ੇ । ਜੇਬ ਭਰ - ਭਰ ਫੱਟਣ ਤੱਕ ਆ ਗਈ, ਅਜੇ ਵੀ ਮੌਲਾ ਅੱਗੇ ਝੋਲ਼ੀ ਅੱਡੀ ਖੜੇ ਹਾਂ । ਕੌਣ ਹੈ ਉਹ ਗਰੀਬ ਜਿਹਨੂੰ ਮੰਗਤਾ ਤੇ ਨੰਗ ਕਹਿੰਦੇ ਨੇ ਲੋਕ ਤੇ ਕੌਣ ਹਾਂ ਆਪਾਂ ਜਿਹੜੇ ਸਭ ਹੁੰਦੇ ਹੋਏ ਵੀ ਮੰਗਤੇ ਬਣੇ ਰਹਿੰਦੇ ਹਾਂ। ਉਸ ਗਰੀਬ ਆਮ ਆਦਮੀ ਦੀ ਡਾਇਰੀ ਵਿਚ ਤੇ ਅਜੇ ਵੀ ਉਹੀ ਸਵਾਲ , ਕੌਣ ਹਾਂ ਮੈਂ ? ਇੱਕ ਮਜਬੂਰ ? ਜਾਂ ਇਕ ਮੰਗਤਾ ?ਅੱਜ ਇਹ ਆਮ ਇਨਸਾਨ ਮੌਲਾ ਅੱਗੇ ਗੋਹਾਰ ਲਾਉਂਦਾ ਹੋਇਆ, ਘਰ ਖਾਣ ਨੂੰ ਦਾਣਾ ਨੀ ਤੇ ਨਾ ਤਨ ਢੱਕਣ ਲਈ ਲੀੜੇ । ਗਰਮੀ ਵਿੱਚ ਧੁੱਪ ਚਮੜੀ ਫੂਕ ਦਿੰਦੀ ਏ। ਸਰਦੀ ਵਿੱਚ ਗਰਮੈਸ਼ ਨੀ ਮਿਲਦੀ । ਕੰਮ ਕਰ ਕੇ ਵੀ ਮਿਹਨਤਾਨਾ ਨੀ ਮਿਲਦਾ । ਕਦੀ ਆਈਂ ਮੇਰੀ ਛਪਰੀ ਵਿੱਚ, ਜੱਚਾ - ਬੱਚਾ ਵਿਲਕਦੇ ਦੇਖੀਂ, ਧੀ ਦੇ ਸਿਰ ਨੂੰ ਸੁਭਰ ਨੀ ਜੁੜਦਾ । ਹਾਂ, ਬੂਹਾ ਹੈ ਹੀ ਨਹੀਂ, ਮੈਂ ਘਰ ਸਭ ਲਈ ਖੁੱਲ੍ਹਾ ਹੀ ਰੱਖਦਾ ਹਾਂ। ਖਾਣ ਨੂੰ ਜੋ ਖਾਣਾ ਹੋਇਆ ਦਸ ਦਵੀਂ, ਮੇਰੇ ਘਰ ਤਾਂ ਆਟਾ ਹੀ ਮਿਲਣਾ ਤੇ ਖਾਣ ਵੇਲੇ ਮਿੱਟੀ ਦਾ ਸਵਾਦ ਵੀ ਜਰੂਰ ਆਊ। ਕੱਲ੍ਹ ਤਾਂ ਹਨੇਰੀ ਨੇ ਛਪਰੀ ਵੀ ਢਾਹ ਦਿੱਤੀ, ਮਸੀਂ ਦੋ ਕਾਨੇ ਖੜ੍ਹੇ ਕਰ ਕੇ ਦੋਬਾਰਾ ਕੱਜੀ ਏ । ਇਸ ਲਈ ਉੱਠਣ ਬੈਠਣ ਵਿੱਚ ਥੋੜ੍ਹੀ ਤਕਲੀਫ਼ ਜਰੂਰ ਹੋਊ। ਹੇ ਰਹਿਬਰ! ਸ਼ਰਮਿੰਦਾ ਮੈਂ ਨਹੀਂ ਸ਼ਰਮਿੰਦਾ ਤਾਂ ਤੂੰ ਹੋ ਰਿਹਾ ਹੂਨੈ । ਜੋ ਇਨਸਾਨ ਇਨਸਾਨੀਅਤ ਲਈ ਬਣਾਏ, ਉਨ੍ਹਾਂ ਵਿਚੋਂ ਤੇ ਇਨਸਾਨੀਅਤ ਹੀ ਮੁੱਕਣ ਲੱਗ ਗਈ , ਹੁਣ ਇਨ੍ਹਾਂ ਇਨਸਾਨਾਂ ਦਾ ਕੀ ਕਰੇਂਗਾ ? ਮੇਰੇ ਜਿਹੇ ਨੂੰ ਜਨਮ ਤਾਂ ਦੇ ਦਿੱਤਾ, ਇੱਕ ਸਵਾਲ ਦਾ ਜਵਾਬ ਵੀ ਦੇ ਦਵੀਂ, ਆਖ਼ਿਰ ਕੌਣ ਹਾਂ ਮੈਂ ?

# ਗੋਪਾਲ ਸਿੰਘ ਚਾਵਲਾ ਨੂੰ ਕੀਤਾ ਗਿਆ ਨਜ਼ਰਬੰਦ ! ਆਈ. ਐੱਸ.ਆਈ. 'ਤੇ ਲਾਏ ਵੱਡੇ ਇਲਜ਼ਾਮ



ਇਸਲਾਮਾਬਾਦ, 10 ਦਸੰਬਰ (ਪ੍ਰਤੀਨਿਧੀ) : ਖ਼ਾਲਿਸਤਾਨੀ ਪ੍ਰਚਾਰ ਦੇ ਪੋਸਟਰ ਬੁਆਏ ਵਜੋਂ ਪੇਸ਼ ਕੀਤੇ ਗਏ ਗੋਪਾਲ ਸਿੰਘ ਚਾਵਲਾ ਨੇ ਦਾਅਵਾ ਕੀਤਾ ਹੈ ਕਿ ਉਹ ਡੇਢ ਸਾਲ ਤੋਂ ਵੱਧ ਸਮੇਂ ਤੋਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐੱਸ.ਆਈ. ਦੀ ਸਖ਼ਤ ਨਜ਼ਰਬੰਦੀ ਵਿੱਚ ਹੈ। ਚਾਵਲਾ, ਜੋ ਹੁਣ ਉਸੇ ਸਿਸਟਮ ਵਿੱਚ ਫ਼ਸ ਗਿਆ ਹੈ ਜਿਸ ਦੀ ਉਹ ਸੇਵਾ ਕਰਦਾ ਸੀ, ਨੂੰ ਇੱਕ ਅਣਜਾਣ ਸਥਾਨ 'ਤੇ ਰੱਖਿਆ ਗਿਆ ਹੈ ਅਤੇ ਉਸ ਦੇ ਬਾਹਰੀ ਲੋਕਾਂ ਨਾਲ ਸੰਪਰਕ 'ਤੇ ਪਾਬੰਦੀ ਹੈ।

ਵੀਡੀਓ ਮੈਸੇਜਾਂ ਦੀ ਇੱਕ ਸੀਰੀਜ਼ ਵਿੱਚ ਚਾਵਲਾ ਨੇ ਦੋਸ਼ ਲਾਇਆ ਕਿ ਉਸ ਨੂੰ ਪੰਜਾਬੀ ਸਿੱਖ ਸੰਗਤ ਅਤੇ ਕਮਿਊਨਿਟੀ ਨੇਤਾਵਾਂ ਤੋਂ ਬਾਹਰ ਕਰ ਦਿੱਤਾ ਗਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਪਾਕਿਸਤਾਨ ਨੇ ਉਸ ਨੂੰ ਤਿਆਗ ਦਿੱਤਾ ਹੈ ਕਿਉਂਕਿ ਉਸ ਦੀ ਕੋਈ ਉਪਯੋਗਤਾ ਨਹੀਂ ਬਚੀ। ਉਸ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਉਸ ਨੂੰ ਝੂਠੇ ਇੰਡੀਅਨ ਥਰੈਟ ਦਾ ਚਿਹਰਾ ਬਣਾ ਕੇ ਪੇਸ਼ ਕਰ ਰਿਹਾ ਹੈ। ਉਸ ਨੇ ਆਪਣੀ ਖ਼ਰਾਬ ਹੋ ਰਹੀ ਸਿਹਤ ਅਤੇ ਆਈ. ਐੱਸ.ਆਈ. ਤੇ ਸਬੰਧਤ ਲੋਕਾਂ ਤੋਂ ਜਾਨ ਦੇ ਖ਼ਤਰੇ ਦਾ ਵਰਣਨ ਕੀਤਾ। ਚਾਵਲਾ ਨੂੰ ਭਾਰਤ ਵਿੱਚ ਆਪਣੇ ਪਰਿਵਾਰ ਕੋਲ ਵਾਪਸ ਜਾਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ ਹੈ। ਉਸ ਨੇ ਆਪਣੀ ਸੁਰੱਖਿਆ ਲਈ ਦੁਨੀਆਂ ਭਰ ਦੇ ਸਿੱਖ ਨੇਤਾਵਾਂ ਤੋਂ ਅੰਤਰਰਾਸ਼ਟਰੀ ਦਖਲਅੰਦਾਜ਼ੀ ਦੀ ਮੰਗ ਕੀਤੀ ਹੈ। ਇਸ ਦੇ ਮੱਦੇਨਜ਼ਰ ਨਨਕਾਣਾ ਸਾਹਿਬ ਦੇ ਸਿੱਖ ਸੰਗਤ ਮੈਂਬਰਾਂ ਨੇ ਵੀ ਪਾਕਿਸਤਾਨੀ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਮਨੁੱਖਤਾ ਦੇ ਆਧਾਰ 'ਤੇ ਚਾਵਲਾ ਦੀ ਸੁਰੱਖਿਆ ਅਤੇ ਡਾਕਟਰੀ ਸਹਾਇਤਾ ਯਕੀਨੀ ਬਣਾਉਣ। ਚਾਵਲਾ ਦੀ ਗਵਾਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਪਾਕਿਸਤਾਨ ਨੇ ਆਪਣੇ ਪ੍ਰਮੁੱਖ ਖ਼ਾਲਿਸਤਾਨੀ ਸਹਿਯੋਗੀ ਨੂੰ ਨਿਯੰਤਰਿਤ ਨਜ਼ਰਬੰਦੀ ਵਿੱਚ ਬਦਲ ਦਿੱਤਾ ਹੈ।

# ਯੂ.ਐੱਸ. ਨੇ ਵਾਪਸ ਤੋਰੇ 55 ਹੋਰ ਪ੍ਰਵਾਸੀ, ਸੈਂਕੜੇ ਹੋਰਾਂ ਨੂੰ ਡਿਪੋਰਟ ਕਰਨ ਦੀ ਖਿੱਚੀ ਤਿਆਰੀ



ਤਹਿਰਾਨ, 10 ਦਸੰਬਰ (ਪ੍ਰਤੀਨਿਧੀ) : ਇਰਾਨੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਸੰਯੁਕਤ ਰਾਜ (ਯੂ.ਐੱਸ.) ਤੋਂ ਦੇਸ਼-ਨਿਕਾਲੇ ਕੀਤੇ ਗਏ ਇਰਾਨੀਆਂ ਨੂੰ ਲੈ ਕੇ ਜਾਣ ਵਾਲੀ ਦੂਜੀ ਉਡਾਣ ਅਮਰੀਕਾ ਤੋਂ ਰਵਾਨਾ ਹੋ ਗਈ ਹੈ, ਜਿਸ 'ਚ ਕੁੱਲ 55 ਲੋਕ ਸਵਾਰ ਸਨ। ਇਹ ਕਾਰਵਾਈ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਵਾਸ਼ਿੰਗਟਨ ਕਥਿਤ ਤੌਰ 'ਤੇ ਸੈਂਕੜੇ ਹੋਰ ਕੈਦੀਆਂ ਨੂੰ ਇਸਲਾਮੀ ਗਣਰਾਜ ਵਾਪਸ ਭੇਜਣ ਦੀ ਯੋਜਨਾ ਬਣਾ ਰਿਹਾ ਹੈ।

ਇਨ੍ਹਾਂ ਦੇਸ਼ -ਨਿਕਾਲਿਆਂ ਨਾਲ ਇਰਾਨ ਤੇ ਅਮਰੀਕਾ ਦਰਮਿਆਨ ਤਣਾਅ ਹੋਰ ਵਧ ਗਿਆ ਹੈ। ਇਹ ਤਣਾਅ ਜੂਨ 'ਚ ਇਜ਼ਰਾਇਲ ਨਾਲ ਤਹਿਰਾਨ ਦੀ 12 ਦਿਨਾਂ ਦੀ ਜੰਗ ਦੌਰਾਨ ਅਮਰੀਕਾ ਦੁਆਰਾ ਈਰਾਨੀ ਪ੍ਰਮਾਣੂ ਟਿਕਾਣਿਆਂ 'ਤੇ ਬੰਬਾਰੀ ਕਰਨ ਤੋਂ ਬਾਅਦ ਉੱਚਾ ਬਣਿਆ ਹੋਇਆ ਹੈ। ਇਰਾਨ ਦੀ ਨਿਆਂਪਾਲਿਕਾ ਦੇ ਅਧਿਕਾਰਤ ਮੁੱਖ ਪੱਤਰ, ਮੀਜ਼ਾਨ ਨਿਊਜ਼ ਏਜੰਸੀ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ 'ਚ, ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਮੋਜਤਬਾ ਸ਼ਾਸਤੀ ਕਰੀਮੀ ਨੇ 55 ਇਰਾਨੀਆਂ ਦੇ ਦੇਸ਼ -ਨਿਕਾਲੇ ਨੂੰ ਸਵੀਕਾਰ ਕੀਤਾ। ਕਰੀਮੀ ਨੇ ਕਥਿਤ ਤੌਰ 'ਤੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੇ 'ਸੰਯੁਕਤ ਰਾਜ ਦੁਆਰਾ ਵਿਦੇਸ਼ੀ ਨਾਗਰਿਕਾਂ, ਖਾਸ ਕਰ ਕੇ ਇਰਾਨੀਆਂ ਵਿਰੁੱਧ ਜਾਰੀ ਪ੍ਰਵਾਸ ਵਿਰੋਧੀ ਅਤੇ ਭੇਦਭਾਵਪੂਰਨ ਨੀਤੀ' ਦੇ ਚੱਲਦਿਆਂ ਵਾਪਸੀ ਲਈ ਆਪਣੀ ਇੱਛਾ ਜ਼ਾਹਿਰ ਕੀਤੀ ਸੀ।

ਦੂਜੇ ਪਾਸੇ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਦੱਸਿਆ ਕਿ ਅਮਰੀਕਾ ਦੇ ਦਾਅਵਿਆਂ ਅਨੁਸਾਰ, ਇਨ੍ਹਾਂ ਇਰਾਨੀਆਂ ਨੂੰ 'ਕਾਨੂੰਨੀ ਕਾਰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ' ਕਰ ਕੇ ਵਾਪਸ ਭੇਜਿਆ ਗਿਆ। ਇਹ ਦੇਸ਼ -ਨਿਕਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਉਣ ਦੀ ਪ੍ਰਮੁੱਖ ਤਰਜੀਹ ਦਾ ਹਿੱਸਾ ਹਨ। ਸਤੰਬਰ 'ਚ ਇਰਾਨੀ ਅਧਿਕਾਰੀਆਂ ਨੇ ਮੰਨਿਆ ਸੀ ਕਿ ਟਰੰਪ ਪ੍ਰਸ਼ਾਸਨ ਦੀ ਨੀਤੀ ਤਹਿਤ ਲੱਗਭਗ 400 ਇਰਾਨੀਆਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ। ਪਹਿਲੀ ਅਜਿਹੀ ਉਡਾਣ ਉਸੇ ਮਹੀਨੇ ਤਹਿਰਾਨ ਪਹੁੰਚੀ ਸੀ। ਇਹ ਕਾਰਵਾਈ ਅਮਰੀਕਾ ਦੀ ਦਹਾਕਿਆਂ ਤੋਂ ਚੱਲੀ ਆ ਰਹੀ ਰਵਾਇਤ ਦੇ ਉਲਟ ਹੈ, ਜਿਸ ਤਹਿਤ ਅਮਰੀਕਾ 1979 ਦੀ ਇਸਲਾਮੀ ਕ੍ਰਾਂਤੀ ਤੋਂ ਬਾਅਦ ਇਰਾਨੀ ਵਿਰੋਧੀਆਂ, ਜਲਾਵਤਨਾਂ ਅਤੇ ਹੋਰਨਾਂ ਦਾ ਸਵਾਗਤ ਕਰਦਾ ਰਿਹਾ ਹੈ। ਵਿਦੇਸ਼ਾਂ 'ਚ ਕਾਰਕੁੰਨਾਂ ਨੇ ਦੇਸ਼ -ਨਿਕਾਲੇ ਕੀਤੇ ਗਏ ਲੋਕਾਂ ਦੇ ਇਰਾਨ ਵਾਪਸ ਆਉਣ ਬਾਰੇ ਚਿੰਤਾ ਪ੍ਰਗਟਾਈ ਹੈ। ਈਰਾਨ ਦੀ ਧਰਮ-ਆਧਾਰਤ ਸਰਕਾਰ ਲਗਾਤਾਰ ਬੁੱਧੀਜੀਵੀਆਂ 'ਤ ਸਖ਼ਤੀ ਕਰ ਰਹੀ ਹੈ ਅਤੇ ਕੈਦੀਆਂ ਨੂੰ ਅਜਿਹੀ ਦਰ 'ਤੇ ਫ਼ਾਂਸੀ ਦੇ ਰਹੀ ਹੈ ਜੋ ਦਹਾਕਿਆਂ ਵਿੱਚ ਨਹੀਂ ਦੇਖੀ ਗਈ। ਇਰਾਨ ਨੇ ਲੰਬੇ ਸਮੇਂ ਤੋਂ ਅਮਰੀਕਾ 'ਤ ਵਿਰੋਧੀਆਂ ਨੂੰ ਸ਼ਰਨ ਦੇਣ ਦੀ ਆਲੋਚਨਾ ਕੀਤੀ ਹੈ, ਹਾਲਾਂਕਿ ਇਰਾਨ ਦਾ ਦਾਅਵਾ ਹੈ ਕਿ ਸਿਰਫ਼ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ 'ਤੇ ਹੀ ਮੁਕੱਦਮਾ ਚਲਾਇਆ ਜਾਂਦਾ ਹੈ।

# ਰਾਜਨੀਤੀ ਨੂੰ ਇੱਕ ਪਾਸੇ ਰੱਖ, ਸਾਬਕਾ ਪੀ. ਐੱਮ. ਟਰੂਡੋ ਬਣੇ ਰੋਮਾਂਸ ਕਿੰਗ



ਟੋਰਾਂਟੋ , 10 ਦਸੰਬਰ (ਪ੍ਰਤੀਨਿਧੀ) : ਭਾਰਤ ਨਾਲ ਸਬੰਧਾਂ ਨੂੰ ਖ਼ਰਾਬ ਕਰਨ ਅਤੇ ਸੱਤਾ ਤੋਂ ਅਸਤੀਫ਼ਾ ਦੇਣ ਲਈ ਆਪਣੀ ਹੀ ਪਾਰਟੀ ਵਲੋਂ ਝਿੜਕਣ ਤੋਂ ਬਾਅਦ, ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਰਾਜਨੀਤੀ ਤੋਂ ਦੂਰੀ ਬਣਾ ਕੇ ਰੱਖ ਰਹੇ ਹਨ। ਇਸ ਦੌਰਾਨ, ਉਨ੍ਹਾਂ ਦੀ ਨਿੱਜੀ ਜ਼ਿੰਦਗੀ ਸੁਰਖ਼ੀਆਂ ਵਿੱਚ ਰਹੀ ਹੈ। ਅਮਰੀਕੀ ਗਾਇੱਕਾ ਕੈਟੀ ਪੈਰੀ ਨਾਲ ਉਨ੍ਹਾਂ ਦੇ ਰੋਮਾਂਸ ਦੀਆਂ ਅਫ਼ਵਾਹਾਂ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਲੀਕ ਹੋਈਆਂ ਫ਼ੋਟੋਆਂ ਰਾਹੀਂ ਉਨ੍ਹਾਂ ਦੇ ਰਿਸ਼ਤੇ ਦਾ ਪਰਦਾਫ਼ਾਸ਼ ਹੋਇਆ ਸੀ, ਪਰ ਹੁਣ ਟਰੂਡੋ ਖੁੱਲ੍ਹ ਕੇ ਆਪਣੇ ਪਿਆਰ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਨੇ ਕੈਟੀ ਨਾਲ ਪੋਜ਼ ਦਿੰਦੇ ਹੋਏ ਇੱਕ ਕ੍ਰਿਸਮਸ ਫ਼ੋਟੋ ਸਾਂਝੀ ਕੀਤੀ ਹੈ।

**ਟਰੂਡੋ ਨੇ ਚੁੱਪਚਾਪ ਆਪਣੇ ਪ੍ਰੇਮ ਸਬੰਧ ਦੀ ਪੁਸ਼ਟੀ ਕੀਤੀ**

ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕ੍ਰਿਸਮਿਸ ਦੇ ਮੂਡ ਵਿੱਚ ਜਾਪਦੇ ਹਨ ਅਤੇ ਸਾਰਿਆਂ ਨੂੰ ਇੱਕ ਵੱਡਾ ਸਰਪ੍ਰਾਈਜ਼ ਦਿੱਤਾ ਹੈ। ਟਰੂਡੋ ਨੇ ਅਮਰੀਕੀ ਗਾਇੱਕਾ ਕੈਟੀ ਪੈਰੀ ਨਾਲ ਜੋੜੇ ਦੀਆਂ ਫ਼ੋਟੋਆਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਫ਼ੋਟੋਆਂ ਵਿੱਚ, ਟਰੂਡੋ ਸਾਬਕਾ ਜਾਪਾਨੀ ਪ੍ਰਧਾਨ ਮੰਤਰੀ ਫ਼ੂਮਿਓ ਕਿਸ਼ਿਦਾ ਨਾਲ ਦਿਖਾਈ ਦੇ ਰਹੇ ਹਨ। ਦੋਵਾਂ ਸਾਬਕਾ ਪ੍ਰਧਾਨ ਮੰਤਰੀਆਂ ਨੇ ਕ੍ਰਿਸਮਿਸ ਤੋਂ ਪਹਿਲਾਂ ਦਾ ਜਸ਼ਨ ਅਤੇ ਦੁਪਹਿਰ ਦਾ ਖਾਣਾ ਇਕੱਠੇ ਮਨਾਇਆ, ਜਿਸ ਵਿੱਚ ਟਰੂਡੋ ਕੈਟੀ ਪੈਰੀ ਨੂੰ ਲੈ ਕੇ ਆਏ ਸਨ। ਟਰੂਡੋ ਨੇ ਇਸ ਕ੍ਰਿਸਮਿਸ ਇਕੱਠ ਦੀਆਂ ਫ਼ੋਟੋਆਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਫ਼ੋਟੋਆਂ ਵਿੱਚ, ਫ਼ੂਮਿਓ ਕਿਸ਼ਿਦਾ ਆਪਣੀ ਪਤਨੀ ਨਾਲ ਪੋਜ਼ ਦਿੰਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਟਰੂਡੋ ਕੈਟੀ ਨਾਲ ਪੋਜ਼ ਦਿੰਦੇ ਹੋਏ ਦਿਖਾਈ ਦੇ ਰਹੇ ਹਨ। ਉਨ੍ਹਾਂ ਦੇ ਪਿੱਛੇ ਇੱਕ ਸਜਾਇਆ ਹੋਇਆ ਕ੍ਰਿਸਮਿਸ ਟ੍ਰੀ ਦਿਖਾਈ ਦੇ ਰਿਹਾ ਹੈ।

ਫ਼ੋਟੋ ਸਾਂਝੀ ਕਰਦੇ ਹੋਏ, ਟਰੂਡੋ ਨੇ ਕੈਪਸ਼ਨ ਵਿੱਚ ਲਿਖਿਆ, 'ਤੁਹਾਨੂੰ ਮਿਲ ਕੇ ਚੰਗਾ ਲੱਗਿਆ, ਫ਼ੂਮਿਓ। ਕੇਟੀ ਅਤੇ ਮੈਂ ਤੁਹਾਨੂੰ ਅਤੇ ਯੂਕੋ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਫ਼ੂਮਿਓ, ਤੁਹਾਡੀ ਦੋਸਤੀ ਅਤੇ ਅੰਤਰਰਾਸ਼ਟਰੀ ਨਿਯਮਾਂ-ਆਧਾਰਤ ਵਿਵਸਥਾ ਅਤੇ ਸਾਰਿਆਂ ਲਈ ਇੱਕ ਬਿਹਤਰ ਭਵਿੱਖ ਪ੍ਰਤੀ ਤੁਹਾਡੀ ਨਿਰੰਤਰ ਵਚਨਬੱਧਤਾ ਲਈ ਧੰਨਵਾਦ।' ਇਹ ਧਿਆਨ ਦੇਣ ਯੋਗ ਹੈ ਕਿ ਟਰੂਡੋ ਅਤੇ ਕੇਟੀ ਦਾ ਰੋਮਾਂਸ ਇਸ ਸਾਲ ਦੇ ਸ਼ੁਰੂ ਵਿੱਚ ਇੱਕ ਛੁੱਟੀਆਂ ਦੀ ਫ਼ੋਟੋ ਰਾਹੀਂ ਲੀਕ ਹੋ ਗਿਆ ਸੀ। ਇਸ ਤੋਂ ਬਾਅਦ, ਜੁਲਾਈ ਵਿੱਚ, ਉਨ੍ਹਾਂ ਨੂੰ ਪਹਿਲੀ ਵਾਰ ਮੌਂਟਰੀਅਲ ਦੇ ਲੇ ਵਿਊ ਲਾਇਨ ਰੈਸਟੋਰੈਂਟ ਵਿੱਚ ਇਕੱਠੇ ਦੇਖਿਆ ਗਿਆ ਸੀ। ਦੋਵਾਂ ਵਿੱਚੋਂ ਕਿਸੇ ਨੇ ਵੀ ਅਧਿਕਾਰਤ ਤੌਰ 'ਤੇ ਰੋਮਾਂਟਿਕ ਰਿਸ਼ਤੇ ਦੀਆਂ ਅਫ਼ਵਾਹਾਂ ਨੂੰ ਸਵੀਕਾਰ ਨਹੀਂ ਕੀਤਾ ਹੈ, ਪਰ ਉਨ੍ਹਾਂ ਨੇ ਉਨ੍ਹਾਂ ਤੋਂ ਇਨਕਾਰ ਵੀ ਨਹੀਂ ਕੀਤਾ ਹੈ। ਟਰੂਡੋ ਪਹਿਲਾਂ ਹੀ ਆਪਣੀ ਸਾਬਕਾ ਪਤਨੀ, ਸੋਫ਼ੀ ਗ੍ਰੈਗੋਇਰ ਤੋਂ ਵੱਖ ਹੋ ਚੁੱਕੇ ਹਨ, ਅਤੇ ਉਨ੍ਹਾਂ ਦੇ 3 ਬੱਚੇ ਹਨ। ਇਸ ਦੌਰਾਨ, ਕੇਟੀ ਨੇ ਪਿਛਲੇ ਜੂਨ ਵਿੱਚ ਮੰਗੇਤਰ ਓਰਲੈਂਡੋ ਬਲੂਮ ਨਾਲ ਆਪਣੀ ਮੰਗਣੀ ਵੀ ਤੋੜ ਦਿੱਤੀ ਸੀ।

# ਹੁਣ ਭਾਰਤ ਤੋਂ ਵੀ ਡਿਪੋਰਟ ਹੋਣਗੇ ਗ਼ੈਰ-ਕਾਨੂੰਨੀ ਪ੍ਰਵਾਸੀ ! 130 ਵਿਦੇਸ਼ੀਆਂ ਨੂੰ ਕੱਢਣ ਦੀ ਤਿਆਰੀ



ਨਵੀਂ ਦਿੱਲੀ, 10 ਦਸੰਬਰ (ਪ੍ਰਤੀਨਿਧੀ) : ਦਿੱਲੀ ਪੁਲੀਸ ਨੇ ਦੁਆਰਕਾ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਇੱਕ ਮਹੀਨਾ ਚੱਲੇ 'ਆਪ੍ਰੇਸ਼ਨ ਕਲੀਨ ਸਵੀਪ' ਨੂੰ ਅੰਜ਼ਾਮ ਦੇਣ ਤੋਂ ਬਾਅਦ, 130 ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ -ਨਿਕਾਲਾ ਦੇਣ ਲਈ ਇੱਕ ਹਿਰਾਸਤ ਕੇਂਦਰ ਭੇਜਿਆ ਹੈ। ਜਾਣਕਾਰੀ ਦਿੰਦੇ ਹੋਏ ਇੱਕ ਅਧਿਕਾਰੀ ਨੇ ਦੱਸਿਆ ਕਿ ਹਿਰਾਸਤ ਕੇਂਦਰ ਵਿੱਚ ਭੇਜੇ ਗਏ ਲੋਕਾਂ ਵਿੱਚ ਨਾਈਜੀਰੀਆ (87), ਆਈਵਰੀ ਕੋਸਟ (11), ਕੈਮਰੂਨ (10), ਘਾਨਾ (10), ਸੇਨੇਗਲ (4), ਲਾਇਬੇਰੀਆ (3), ਸੀਅਰਾ ਲਿਓਨ (2), ਯੂਗਾਂਡਾ (2) ਅਤੇ ਗਿਨੀ (1) ਦੇ ਨਾਗਰਿਕ ਸ਼ਾਮਲ ਹਨ।

ਪੁਲੀਸ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਕਥਿਤ ਤੌਰ 'ਤੇ ਆਪਣੇ ਵੀਜ਼ੇ ਦੀ ਮਿਆਦ ਤੋਂ ਵੱਧ ਸਮੇਂ ਲਈ ਰਹਿ ਰਹੇ ਸਨ ਜਾਂ ਜ਼ਿਲ੍ਹੇ ਭਰ ਵਿੱਚ ਕਿਰਾਏ ਦੇ ਮਕਾਨਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਦੁਆਰਕਾ ਦੇ ਸਾਰੇ ਥਾਣਿਆਂ ਵਿੱਚ ਕੀਤੀ ਗਈ ਸੀ। ਗੈਰ-ਕਾਨੂੰਨੀ ਵਿਦੇਸ਼ੀ ਨਾਗਰਿਕਾਂ ਦੇ ਸਮੂਹਾਂ ਵਾਲੇ ਖੇਤਰਾਂ ਦੀ ਮੈਪਿੰਗ ਕੀਤੀ ਗਈ ਸੀ, ਅਤੇ ਤਸਦੀਕ ਮੁਹਿੰਮਾਂ ਵੀ ਚਲਾਈਆਂ ਗਈਆਂ ਸਨ।

ਡਿਪਟੀ ਕਮਿਸ਼ਨਰ ਔਫ਼ ਪੁਲੀਸ (ਦਵਾਰਕਾ) ਅੰਕਿਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੁਲੀਸ ਨੂੰ ਵਿਦੇਸ਼ੀ ਨਾਗਰਿਕਾਂ ਦੇ ਵੱਧ ਸਮੇਂ ਲਈ ਰਹਿਣ ਅਤੇ ਮਕਾਨ ਮਾਲਕਾਂ ਦੁਆਰਾ ਲਾਜ਼ਮੀ ਪੁਲੀਸ ਤਸਦੀਕ ਤੋਂ ਬਿਨਾਂ ਜਾਇਦਾਦਾਂ ਕਿਰਾਏ 'ਤ ਦੇਣ ਬਾਰੇ ਸ਼ਿਕਾਇਤਾਂ ਮਿਲ ਰਹੀਆਂ ਸਨ। ਉਨ੍ਹਾਂ ਕਿਹਾ ਕਿ ਅਜਿਹੇ 25 ਤੋਂ ਵੱਧ ਮਕਾਨ ਮਾਲਕਾਂ ਦੀ ਪਛਾਣ ਕੀਤੀ ਗਈ ਹੈ ਅਤੇ ਕਾਨੂੰਨ ਦੇ ਢੁੱਕਵੇਂ ਪ੍ਰਬੰਧਾਂ ਤਹਿਤ ਉਨ੍ਹਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ।

ਪੁਲੀਸ ਨੇ ਦੱਸਿਆ ਕਿ ਮਹੀਨੇ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ, ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐੱਨ.ਡੀ.ਪੀ.ਐੱਸ.) ਐਕਟ ਤਹਿਤ 26 ਅਤੇ ਵਿਦੇਸ਼ੀ ਐਕਟ ਤਹਿਤ 14 ਮਾਮਲੇ ਦਰਜ ਕੀਤੇ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ (ਐੱਫ਼.ਆਰ.ਆਰ.ਓ.) ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿਸ ਨੇ ਉਨ੍ਹਾਂ ਨੂੰ ਦੇਸ਼ -ਨਿਕਾਲਾ ਦੇਣ ਦਾ ਹੁਕਮ ਦਿੱਤਾ।

# 1.35 ਲੱਖ ਕਰੋੜ ਦੀ ਜਾਇਦਾਦ, ਫ਼ਿਰ ਵੀ ਪੁੱਤ ਕੋਲੋਂ ਕਿਉਂ ਕਰਵਾਉਂਦੇ ਸੀ ਹੋਟਲ 'ਚ ਵੇਟਰ ਦਾ ਕੰਮ ?

## ਯੂ.ਏ.ਈ. ਦੇ ਉਦਯੋਗਪਤੀ ਦੀ ਕਹਾਣੀ



ਦੁਬਈ , 10 ਦਸੰਬਰ (ਪ੍ਰਤੀਨਿਧੀ) : ਕੁੱਝ ਕਹਾਣੀਆਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸੁਣਨ ਤੋਂ ਬਾਅਦ ਕੰਨਾਂ 'ਤੇ ਯਕੀਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਅਜਿਹੀ ਹੀ ਇੱਕ ਕਹਾਣੀ ਯੂ.ਏ.ਈ. ("15) ਦੇ ਅਰਬਪਤੀ ਸ਼ੇਖ ਖਲਫ਼ ਅਲ ਹਬਤੂਰ ਦੀ ਹੈ। ਉਨ੍ਹਾਂ ਨੇ ਇੱਕ ਅਜਿਹਾ ਖ਼ੁਲਾਸਾ ਕੀਤਾ, ਜਿਸ ਨੂੰ ਸੁਣਨ ਤੋਂ ਬਾਅਦ ਲੋਕ ਹੈਰਾਨ ਹਨ।

ਦਰਅਸਲ, ਅਰਬਪਤੀ ਨੇ ਖ਼ੁਲਾਸਾ ਕੀਤਾ ਹੈ ਕਿ ਉਨ੍ਹਾਂ ਦਾ ਵੱਡਾ ਬੇਟਾ, ਮੁਹੰਮਦ, ਹੋਟਲ ਵਿੱਚ ਬਰਤਨ ਧੋਣ, ਗਾਹਕਾਂ ਦੇ ਬਿਸਤਰੇ ਲਗਾਉਣ, ਝਾੜੂ-ਪੋਚਾ ਲਗਾਉਣ ਅਤੇ ਵੇਟਰ ਦਾ ਕੰਮ ਕਰ ਕੇ ਵੱਡਾ ਹੋਇਆ ਹੈ। ਹੁਣ ਉਨ੍ਹਾਂ ਦੇ ਇਸ ਖ਼ੁਲਾਸੇ ਤੋਂ ਬਾਅਦ ਇੱਕ ਨਵੀਂ ਬਹਿਸ ਛਿੜ ਗਈ ਹੈ।

ਯੂ.ਏ.ਈ. ਦੇ ਇਸ ਦਿੱਗਜ਼ ਕਾਰੋਬਾਰੀ ਅਨੁਸਾਰ, ਕਰੀਅਰ ਸਿਰਫ਼ ਡਿਗਰੀ ਨਾਲ ਨਹੀਂ ਬਣਦਾ। ਅਸਲ ਸਿੱਖਿਆ ਫ਼ੀਲਡ (ਕੰਮ ਦੀ ਜਗ੍ਹਾ) ਵਿੱਚ ਮਿਲਦੀ ਹੈ। ਇਸ ਲਈ, ਹੋਟਲ ਮੈਨੇਜਮੈਂਟ ਦੀ ਡਿਗਰੀ ਹਾਸਲ ਕਰਨ ਦੇ ਬਾਵਜੂਦ, ਉਨ੍ਹਾਂ ਨੇ ਆਪਣੇ ਬੇਟੇ ਨੂੰ ਪਹਿਲਾਂ ਡਾਇਰੈਕਟਰ ਦੀ ਕੁਰਸੀ 'ਤੇ ਨਹੀਂ ਬਿਠਾਇਆ।

ਜ਼ਿਕਰਯੋਗ ਹੈ ਕਿ ਅਲ ਹਬਤੂਰ ਗਰੁੱਪ ਦੇ ਚੇਅਰਮੈਨ ਅਤੇ ਮਸ਼ਹੂਰ ਉਦਯੋਗਪਤੀ ਸ਼ੇਖ ਖਲਫ਼ ਅਲ ਹਬਤੂਰ ਦੀ ਜਾਇਦਾਦ 1.35 ਲੱਖ ਕਰੋੜ ਰੁਪਏ ਹੈ।

ਉਹ ਹੋਟਲ, ਰੀਅਲ ਅਸਟੇਟ, ਆਟੋਮੋਬਾਇਲ, ਸਿੱਖਿਆ ਅਤੇ ਪਬਲਿਸ਼ਿੰਗ ਵਰਗੀਆਂ ਇੰਡਸਟਰੀਆਂ ਨਾਲ ਜੁੜੇ ਹੋਏ ਹਨ। ਦੱਸਿਆ ਜਾਂਦਾ ਹੈ ਕਿ ਇਸ ਸਾਲ ਅਲ ਹਬਤੂਰ ਸਮੂਹ ਨੇ ਲੱਗਭਗ 489 ਕਰੋੜ ਰੁਪਏ ਤੋਂ ਵੱਧ ਦਾ ਦਾਨ ਕੀਤਾ ਹੈ। ਖਲਫ਼ ਅਲ ਹਬਤੂਰ ਕਹਿੰਦੇ ਹਨ ਕਿ ਗਰਾਊਂਡ ਵਰਕ (ਜ਼ਮੀਨੀ ਕੰਮ) ਸਿੱਖੇ ਬਿਨਾਂ ਕੋਈ ਮੈਨੇਜਰ ਨਹੀਂ ਬਣ ਸਕਦਾ। ਨੌਕਰੀ ਦਾ ਅਸਲ ਸਵਾਦ ਇਸੇ ਤੋਂ ਆਉਂਦਾ ਹੈ। ਜਾਣਕਾਰੀ ਅਨੁਸਾਰ, 2023 ਵਿੱਚ ਉਨ੍ਹਾਂ ਨੇ 100 ਅਫ਼ਗਾਨ ਵਿਦਿਆਰਥਣਾਂ ਨੂੰ ਯੂ.ਏ.ਈ. ਦੀ ਯੂਨੀਵਰਸਿਟੀ ਵਿੱਚ ਪੜ੍ਹਾਈ ਲਈ ਸਕੌਲਰਸ਼ਿਪ ਦਿੱਤੀ ਸੀ। ਇੱਕ ਰਿਪੋਰਟ ਵਿੱਚ ਦੱਸਿਆ ਗਿਆ ਕਿ ਖਲਫ਼ ਅਲ ਹਬਤੂਰ ਨੇ ਇੱਕ ਪ੍ਰੋਗਰਾਮ ਦੌਰਾਨ ਕਿਹਾ ਸੀ ਕਿ ਡਿਗਰੀ ਜ਼ਰੂਰੀ ਹੈ, ਪਰ ਤਜਰਬਾ ਉਸ ਤੋਂ ਵੀ ਵੱਧ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਅਸਲ ਇੰਜੀਨੀਅਰਿੰਗ, ਅਸਲ ਮੈਨੇਜਮੈਂਟ, ਅਸਲ ਕੰਮ ਸਾਈਟ 'ਤੇ ਜਾ ਕੇ ਹੀ ਸਮਝ ਵਿੱਚ ਆਉਂਦਾ ਹੈ। ਉਦਾਹਰਣ ਦੇ ਨਾਲ ਉਨ੍ਹਾਂ ਨੇ ਦੱਸਿਆ ਕਿ ਸਿਰਫ਼ ਕਿਤਾਬਾਂ ਪੜ੍ਹ ਕੇ ਕੋਈ ਵੀ ਕਰੀਅਰ ਨਹੀਂ ਬਣਦਾ। ਫ਼ੀਲਡ ਵਿੱਚ ਉੱਤਰਨ ਨਾਲ ਜੋ ਸਿੱਖਿਆ ਮਿਲਦੀ ਹੈ, ਉਹੀ ਕਿਸੇ ਨੂੰ ਪੇਸ਼ੇਵਰ ਬਣਾਉਂਦੀ ਹੈ।

# ਕੈਲੇਫ਼ੋਰਨੀਆ ਦੇ ਸੀਨੀਅਰ ਖਿਡਾਰੀਆਂ ਨੇ ਫ਼ਰਿਜ਼ਨੋ ਵਿਖੇ ਪੰਜਾਬੀ ਮੀਡੀਏ ਨੂੰ ਦਿੱਤਾ ਸਨਮਾਨ



ਫ਼ਰਿਜ਼ਨੋ, ਕੈਲੇਫ਼ੋਰਨੀਆ , 10 ਦਸੰਬਰ (ਪ੍ਰਤੀਨਿਧੀ): ਕੈਲੇਫ਼ੋਰਨੀਆ ਦੇ ਪੰਜਾਬੀ ਸੀਨੀਅਰ ਅੰਤਰਰਾਸ਼ਟਰੀ ਖਿਡਾਰੀਆਂ ਵਲੋਂ ਸਥਾਨਕ ਅੰਤਰਰਾਸ਼ਟਰੀ ਖਿਡਾਰੀ ਗੁਰਬਖਸ਼ ਸਿੰਘ ਸਿੱਧੂ ਦੀ ਅਗਵਾਈ ਵਿੱਚ ਆਪਣੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਉਂਦੇ ਹੋਏ ਸਥਾਨਕ ਮੀਡੀਆ ਦੇ ਪ੍ਰੈਸ ਰਿਪੋਟਰਾਂ ਦੇ ਸਨਮਾਨ ਵਿੱਚ ਰਾਤਰੀ ਦੇ ਖਾਣੇ ਸਮੇਂ ਸਮੂਹ ਸੀਨੀਅਰ ਖਿਡਾਰੀਆਂ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਮੀਡੀਆ ਵਲੋਂ ਨੁਮਾਇੰਦਗੀ ਕਰਦੇ ਹੋਏ ਕੁਲਵੰਤ ਉੱਭੀ ਧਾਲੀਆਂ, ਨੀਟਾ ਮਾਛੀਕੇ, ਹੈਰੀ ਮਾਨ ਅਤੇ ਜਸਵੰਤ ਮਹਿਮੀ ਨੇ ਹਾਜ਼ਰੀ ਭਰਦੇ ਹੋਏ ਸਮੂਹ ਸੀਨੀਅਰ ਖਿਡਾਰੀਆਂ ਦੀਆਂ ਪ੍ਰਾਪਤੀਆਂ ਦੇਖਦੇ ਹੋਏ ਵਧਾਈ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਸੀਨੀਅਰ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਕਹਿੰਦਿਆਂ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਡੀਆਂ ਪ੍ਰਾਪਤੀਆਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਸਥਾਨਕ ਮੀਡੀਆਂ ਬਹੁਤ ਵਧੀਆ ਕੰਮ ਕਰ ਰਿਹਾ ਹੈ, ਅਸੀਂ ਸਮੂਹ ਮੀਡੀਏ ਦੇ ਸੱਜਣਾਂ ਦਾ ਸਹਿਯੋਗ ਲਈ ਧੰਨਵਾਦ ਕਰਦੇ ਹਾਂ। ਇਸ ਉਪਰੰਤ ਪੱਤਰਕਾਰ ਨੀਟਾ ਮਾਛੀਕੇ ਨੇ ਸਮੂਹ ਖਿਡਾਰੀਆਂ ਅਤੇ ਐਥਲੀਟਾਂ ਦਾ ਮੀਡੀਏ ਨੂੰ ਮਾਣ-ਸਨਮਾਨ ਦੇਣ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਐਥਲੀਟ ਸਿੱਖ ਭਾਈਚਾਰੇ ਦੇ ਗਰੈਂਡ ਅੰਬੈਸਡਰ ਬਣ ਕੇ, ਦਸਤਾਰਾਂ ਸਜਾ ਕੇ ਪੂਰੀ ਦੁਨੀਆਂ ਵਿੱਚ ਸਿੱਖ ਪਹਿਚਾਣ ਤੋਂ ਜਾਣੂ ਕਰਵਾਉਣ ਲਈ ਬਹੁਤ ਵਧੀਆ ਕਾਰਜ ਕਰ ਰਹੇ ਹਨ। ਉਹਨਾਂ ਕਿਹਾ ਕਿ ਇਹ ਐਥਲੀਟ ਵੱਖੋ- ਵੱਖ ਐਥਲੀਟ ਮੀਟਾਂ ਵਿੱਚ ਆਪਣੇ ਖ਼ਰਚੇ ਤੇ ਪਹੁੰਚ ਕੇ ਆਪਣਾ ਜਨੂੰਨ ਬਰਕਰਾਰ ਰੱਖ ਰਹੇ ਹਨ। ਇਸੇ ਦੌਰਾਨ ਸਥਾਨਕ ਸੀਨੀਅਰ ਖਿਡਾਰੀਆਂ ਦੀਆਂ ਦੁਨੀਆਂ ਭਰ ਵਿੱਚ ਖੇਡਾਂ ਦੇ ਖੇਤਰ ਵਿੱਚ ਪ੍ਰਦਰਸ਼ਨ, ਪ੍ਰਾਪਤੀਆਂ ਅਤੇ ਪੰਜਾਬੀਅਤ ਦੀ ਪਹਿਚਾਣ ਬਣਾਉਣ ਬਾਰੇ ਵਿੱਚਾਰਾਂ ਹੋਈਆਂ।

ਇਸ ਤੋਂ ਇਲਾਵਾ ਹਾਜ਼ਰੀਨ ਦੇ ਮੰਨੋਰੰਜਨ ਲਈ ਸਥਾਨਕ ਗਾਇੱਕਾਂ ਨੇ ਖੁੱਲਾ ਅਖਾੜਾ ਲਾਇਆ ਜਿਸ ਵਿੱਚ ਗਾਇੱਕ ਅਵਤਾਰ ਗਰੇਵਾਲ, ਕਮਲਜੀਤ ਬੈਨੀਪਾਲ, ਦਰਸ਼ਨ ਸਿੰਘ (ਮਨਟੀਕਾ) ਨੇ ਗੀਤਾਂ ਰਾਹੀਂ ਰੌਣਕਾਂ ਲਾਈਆਂ। ਜਦਕਿ ਦੁਗਾਣੇ ਦੀ ਹਿੱਟ ਜੋੜੀ ਪੱਪੀ ਭਦੌੜ ਅਤੇ ਦਿਲਪ੍ਰੀਤ ਵਰਮਾ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਮੁੱਚੇ ਅਮਰੀਕਾ ਹੀ ਨਹੀਂ ਬਲਕਿ ਸਗੋਂ ਇਹ ਸੀਨੀਅਰ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਖੇਡ ਦਾ ਪ੍ਰਦਰਸ਼ਨ ਕਰਨ ਅਤੇ ਬਹੁਤ ਸਾਰੇ ਗੋਲਡ ਮੈਡਲ ਜਿੱਤਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ। ਇਨ੍ਹਾਂ ਸੀਨੀਅਰ ਖਿਡਾਰੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਜਿੱਥੇ ਖੇਡ ਮੈਦਾਨਾਂ ਵਿੱਚ ਗੋਲਡ ਮੈਡਲ ਅਤੇ ਪਹਿਲੇ ਦਰਜੇ ਦੀ ਖੇਡ ਖੇਡਦੇ ਹੋਏ ਪੰਜਾਬੀਅਤ ਦਾ ਮਾਣ ਵਧਾਇਆ ਹੈ, ਉੱਥੇ ਖੇਡਾਂ ਦੇ ਨਾਲ-ਨਾਲ ਵਿਦੇਸ਼ਾਂ ਦੇ ਖੇਡ ਮੈਦਾਨ ਵਿੱਚ ਦਸਤਾਰਾਂ (ਪੱਗਾਂ) ਸਜਾ ਕੇ ਜਾਣ ਨਾਲ ਸਿੱਖ ਭਾਈਚਾਰੇ ਦੀ ਪਹਿਚਾਣ ਵੀ ਬਣਾਈ ਹੈ।

ਇਸ ਸਮੇਂ ਪ੍ਰਮੁੱਖ ਹਾਜ਼ਰ ਸੀਨੀਅਰ ਅੰਤਰਰਾਸ਼ਟਰੀ ਖਿਡਾਰੀਆਂ ਵਿੱਚ ਗੁਰਬਖਸ਼ ਸਿੰਘ ਸਿੱਧੂ, ਸੁਖਚੈਨ ਸਿੰਘ, ਰਣਧੀਰ ਸਿੰਘ ਵਿਰਕ, ਅਮਰਜੀਤ ਸਿੰਘ ਵਿਰਕ, ਕੁਲਵੰਤ ਸਿੰਘ ਲੰਬਰ, ਕਮਲਜੀਤ ਸਿੰਘ ਬੈਨੀਪਾਲ, ਦਰਸ਼ਨ ਸਿੰਘ ਮਨਟੀਕਾ, ਪਵਿੱਤਰ ਸਿੰਘ ਕਲੇਰ, ਅਮਰੀਕ ਸਿੰਘ ਤੂੰਮਰ ਅਤੇ ਹੋਰ ਬਹੁਤ ਸਾਰੇ ਨਵੇਂ ਸੱਜਣ ਜੋ ਇਸ ਖੇਤਰ ਵਲ ਆਪਣਾ ਪੈਰ ਵਧਾ ਰਹੇ ਹਨ। ਪ੍ਰੋਗਰਾਮ ਦੇ ਅੰਤ ਵਿੱਚ ਸੀਨੀਅਰ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਐਕਟਰ ਧਰਮਿੰਦਰ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ ਅਤੇ ਉਨ੍ਹਾਂ ਦੇ ਫ਼ਿਲਮੀ ਸਫ਼ਰ ਤੇ ਪੰਛੀ ਝਾਤ ਪਵਾਈ। ਅਖੀਰ ਆਪਸੀ ਵਿੱਚਾਰਾਂ ਅਤੇ ਪ੍ਰਾਪਤੀਆਂ ਦੀ ਸਾਂਝ ਪਾਉਂਦੇ ਹੋਏ ਰਾਤਰੀ ਦੇ ਭੋਜਨ ਨਾਲ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਪ੍ਰਵਾਸੀਆਂ ਦੇ ਹੱਕ 'ਚ ਆਏ ਨਿਊਯਾਰਕ ਦੇ ਨਵੇਂ ਚੁਣੇ ਗਏ ਮੇਅਰ ਜੋਹਰਾਨ ਮਮਦਾਨੀ

## ਆਈ.ਸੀ.ਈ. ਏਜੰਟ ਘਰ, ਸਕੂਲ ਜਾਂ ਦਫ਼ਤਰ 'ਚ ਬਿਨਾਂ ਅਦਾਲਤੀ ਵਾਰੰਟ ਤੋਂ ਦਾਖਲ ਨਹੀਂ ਹੋ ਸਕਦੇ




ਨਿਊਯਾਰਕ, 10 ਦਸੰਬਰ (ਪ੍ਰਤੀਨਿਧੀ) : ਨਿਊ ਯੌਰਕ ਸ਼ਹਿਰ ਦੇ ਨਵੇਂ ਚੁਣੇ ਗਏ ਮੇਅਰ ਜੋਹਰਾਨ ਮਮਦਾਨੀ ਨੇ ਸ਼ਹਿਰ ਦੇ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਬਾਰੇ ਜਾਗਰੂਕ ਕਰਨ ਦੇ ਲਈ ਸ਼ੋਸ਼ਲ ਮੀਡੀਆ 'ਤੇ ਇੱਕ ਵੀਡੀਓ ਸ਼ੇਅਰ ਕੀਤਾ ਹੈ। ਮੈਨਹੱਟਨ 'ਚ ਯੂ.ਐੱਸ ਇੰਮੀਗ੍ਰੇਸ਼ਨ ਅਤੇ ਕਸਟਮ ਇੰਮੀਗ੍ਰੇਸ਼ਨ ਦੇ ਏਜੰਟਾਂ ਵਲੋਂ ਕੀਤੀ ਗਈ ਛਾਪੇਮਾਰੀ ਦੇ ਕੁੱਝ ਦਿਨਾਂ ਤੋਂ ਬਾਅਦ ਜਾਰੀ ਕੀਤੀ ਗਈ ਇਸ ਵੀਡੀਓ 'ਚ ਮਮਦਾਨੀ ਨੇ ਪਰਵਾਸੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਇੰਮੀਗ੍ਰੇਸ਼ਨ ਅਤੇ ਕਸਟਮ ਇਨਫ਼ੋਰਸਮੈਂਟ ਏਜੰਟਾਂ ਨਾਲ ਗੱਲਬਾਤ ਕਰਨ ਜਾਂ ਉਨ੍ਹਾਂ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਮਮਦਾਨੀ ਨੇ 1 ਜਨਵਰੀ ਨੂੰ ਮੇਅਰ ਦੇ ਰੂਪ 'ਚ ਸਹੁੰ ਚੁੱਕਣਗੇ। ਉਨ੍ਹਾਂ ਨੇ ਸ਼ਹਿਰ ਦੇ 30 ਲੱਖ ਪ੍ਰਵਾਸੀਆਂ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਜੇਕਰ ਤੁਸੀਂ ਆਪਣੇ ਅਧਿਕਾਰਾਂ ਨੂੰ ਜਾਣਦੇ ਹੋ ਤਾਂ ਅਸੀਂ ਸਾਰੇ ਆਈ.ਸੀ.ਈ. ਦੇ ਖ਼ਿਲਾਫ਼ ਖੜ੍ਹੇ ਹੋ ਸਕਦੇ ਹਾਂ। ਉਨ੍ਹਾਂ ਕਿਹਾ ਕਿ ਅਮਰੀਕਾ 'ਚ ਲੋਕ ਸੰਘੀ ਇੰਮੀਗ੍ਰੇਸ਼ਨ ਏਜੰਟਾਂ ਨਾਲ ਗੱਲਬਾਤ ਨਹੀਂ ਕਰਨ ਦਾ ਬਦਲ ਚੁਣ ਸਕਦੇ ਹਨ। ਬਿਨਾ ਕਿਸੇ ਦਖਲਅੰਦਾਜ਼ੀ ਦੇ ਉਨ੍ਹਾਂ ਦਾ ਵੀਡੀਓ ਬਣਾ ਸਕਦੇ ਹਨ ਅਤੇ ਨਿੱਜੀ ਸਥਾਨ 'ਚ ਪ੍ਰਵੇਸ਼ ਕਰਨ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦੇ ਹਨ। ਮਮਦਾਨੀ ਨੇ ਕਿਹਾ ਕਿ ਆਈ.ਸੀ.ਈ. ਏਜੰਟ ਕਿਸੇ ਘਰ, ਸਕੂਲ ਜਾਂ ਦਫ਼ਤਰ ਦੇ ਕਿਸੇ ਨਿੱਜੀ ਖੇਤਰ 'ਚ ਬਿਨਾ ਅਦਾਲਤੀ ਵਰੰਟ ਤੋਂ ਦਾਖਲ ਨਹੀਂ ਹੋ ਸਕਦੇ। ਜ਼ਿਕਰਯੋਗ ਹੈ ਕਿ ਮਮਦਾਨੀ ਨੇ ਹਾਲ 'ਚ ਨਿਊ ਯੌਰਕ ਸ਼ਹਿਰ ਦੇ ਮੇਅਰ ਦੀ ਚੋਣ ਜਿੱਤੀ ਹੈ। ਮਮਦਾਨੀ ਨੇ ਸਮਾਜਿਕ ਨਿਆਂ ਅਤੇ ਪ੍ਰਵਾਸੀ ਅਧਿਕਾਰਾਂ ਦੇ ਲਈ ਜਾਣੇ ਜਾਂਦੇ ਹਨ।

# ਵ੍ਹਾਈਟ ਹਾਊਸ ਨੇ ਵਰਕ ਪਰਮਿਟ ਕਾਰਵਾਈ ਨੂੰ ਸਖ਼ਤ ਕਰਨ ਦੇ ਦਿੱਤੇ ਸੰਕੇਤ

## ਗੈਰ-ਪ੍ਰਵਾਸੀਆਂ ਨੂੰ ਵੀਜ਼ੇ ਲਈ ਸੋਸ਼ਲ ਮੀਡੀਆ ਦੀਆਂ ਗੁਪਤ ਸੈਟਿੰਗਾਂ ਨੂੰ 'ਜਨਤਕ' ਕਰਨ ਦਾ ਦਿੱਤਾ ਹੁਕਮ




ਵਾਸ਼ਿੰਗਟਨ, 10 ਦਸੰਬਰ (ਪ੍ਰਤੀਨਿਧੀ): ਵ੍ਹਾਈਟ ਹਾਊਸ ਨੇ ਆਪਣੇ ਇਮੀਗ੍ਰੇਸ਼ਨ ਏਜੰਡੇ ਦੇ ਪਿੱਛੇ ਨਵੀਂ ਗਤੀ ਨੂੰ ਸਾਹਮਣੇ ਰੱਖਿਆ ਅਤੇ ਰੁਜ਼ਗਾਰ ਸਬੰਧੀ ਪ੍ਰਤੀਬੰਧਾਂ ਨੂੰ ਆਪਣੇ ਵਿਆਪਕ 'ਅਮਰੀਕਾ ਫ਼ਸਟ' ਨੀਤੀ ਢਾਂਚੇ ਨਾਲ ਜੋੜਿਆ। ਸ਼ੋਸ਼ਲ ਮੀਡੀਆ ਅਕਾਊਂਟ ਐੱਕਸ 'ਤੇ ਇੱਕ ਪੋਸਟ 'ਚ ਵ੍ਹਾਈਟ ਹਾਊਸ ਨੇ ਲਿਖਿਆ 'ਅਮਰੀਕਾ ਫ਼ਸਟ'। ਇਸ 'ਚ ਅੱਗੇ ਕਿਹਾ ਗਿਆ ਕਿ ਰਾਸ਼ਟਰਪਤੀ ਟਰੰਪ ਵਰਕ ਪਰਮਿਟ 'ਤੇ ਸਖ਼ਤੀ ਕਰ ਰਹੇ ਹਨ ਅਤੇ ਜਾਂਚ ਨੂੰ ਪ੍ਰਕਿਰਿਆ ਨੂੰ ਵੀ ਸਖਤ ਕਰ ਰਹੇ ਹਨ। ਇਸ ਨਜ਼ਰੀਏ ਤੋਂ ਅਮਰੀਕੀ ਸਰਕਾਰ ਨੇ ਐੱਚ-1 ਬੀ ਵੀਜ਼ਾ ਬਿਨੈਕਾਰਾਂ ਅਤੇ ਉਨ੍ਹਾਂ ਦੇ ਐੱਚ-4 ਨਿਰਭਰਾਂ ਲਈ ਵਧੀਆਂ ਜਾਂਚ ਜ਼ਰੂਰਤਾਂ ਨੂੰ ਲਾਗੂ ਕੀਤਾ ਹੈ, ਜਿਸ ਵਿੱਚ 15 ਦਸੰਬਰ ਤੋਂ ਸੋਸ਼ਲ ਮੀਡੀਆ ਜਾਂਚ ਜ਼ਰੂਰੀ ਕਰ ਦਿੱਤੀ ਗਈ ਹੈ।

ਨਵੇਂ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਬਿਨੈਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਜਨਤਕ ਸੈਟਿੰਗਾਂ ਵਿੱਚ ਬਦਲਣਾ ਹੋਵੇਗਾ ਤਾਂ ਜੋ ਅਧਿਕਾਰੀ ਵੀਜ਼ਾ ਮੁਲਾਂਕਣ ਪ੍ਰਕਿਰਿਆ ਦੇ ਹਿੱਸੇ ਵਜੋਂ ਔਨਲਾਈਨ ਗਤੀਵਿਧੀ ਦੀ ਸਮੀਖਿਆ ਕਰ ਸਕਣ। ਜਾਰੀ ਕੀਤੇ ਗਏ ਇੱਕ ਹੁਕਮ ਵਿੱਚ ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਇਸ ਜਾਂਚ ਨੂੰ ਸੁਵਿਧਾਜਨਕ ਬਣਾਉਣ ਲਈ, ਐੱਚ-1 ਬੀ ਅਤੇ ਉਨ੍ਹਾਂ ਦੇ ਨਿਰਭਰਾਂ (ਐੱਚ-4), ਐੱਫ਼., ਐੱਮ., ਅਤੇ ਜੇ. ਗੈਰ-ਪ੍ਰਵਾਸੀ ਵੀਜ਼ਾ ਲਈ ਸਾਰੇ ਬਿਨੈਕਾਰਾਂ ਨੂੰ ਆਪਣੇ ਸਾਰੇ ਸੋਸ਼ਲ ਮੀਡੀਆ ਪ੍ਰੋਫ਼ਾਈਲਾਂ ਦੀਆਂ ਗੁਪਤ ਸੈਟਿੰਗਾਂ ਨੂੰ 'ਜਨਤਕ' ਕਰਨ ਦਾ ਹੁਕਮ ਦਿੱਤਾ ਗਿਆ ਹੈ।